ਦਲਾਈ ਲਾਮਾ ਦੀ ਆਤਮਕਥਾ

-14-

ਸ਼ਾਂਤੀ ਲਈ ਕੋਸ਼ਿਸ਼

ਦੂਜਾ ਅਤੇ ਤੀਜਾ ਤੱਥ-ਖੋਜ ਮਿਸ਼ਨ, ਜੋ ਦੋਵੇਂ ਮਈ 1980 ਵਿੱਚ ਭਾਰਤ ਤੋਂ ਤਿੱਬਤ ਲਈ ਰਵਾਨਾ ਹੋਏ ਸਨ, ਇੱਕ 'ਵਿੱਚ ਨੌਜਵਾਨ (ਯੁਵਾ ਮਿਸ਼ਨ) ਸਨ ਅਤੇ ਦੂਜੇ 'ਵਿੱਚ ਸ਼ਿਕਸ਼ਾ- ਸ਼ਾਸਤ੍ਰੀ । ਇੱਕ ਤੋਂ, ਮੈਂ ਜਾਣਨਾ ਚਾਹੁੰਦਾ ਸੀ ਕਿ ਲੋਕਾਂ ਦੀ ਜਵਾਨੀ ਦੀ ਤਾਜ਼ਗੀ ਤਿੱਬਤ ਦੀ ਸਥਿਤੀ ਬਾਰੇ ਕਿਵੇਂ ਮਹਿਸੂਸ ਕਰਦੀ ਹੈ। ਦੂਜਾ, ਮੈਂ ਇਹ ਜਾਣਨ ਵਿੱਚ ਦਿਲਚਸਪੀ ਰੱਖਦਾ ਸੀ ਕਿ ਤਿੱਬਤੀ ਨੌਜਵਾਨਾਂ ਦੀਆਂ ਭਵਿੱਖ ਲਈ ਉਮੀਦਾਂ ਕੀ ਹਨ।

ਬਦਕਿਸਮਤੀ ਨਾਲ, ਯੁਵਾ ਮਿਸ਼ਨ ਆਪਣੀ ਜਾਂਚ ਪੂਰੀ ਨਹੀਂ ਕਰ ਸਕਿਆ। ਜਦੋਂ ਤਿੱਬਤੀ ਲੋਕਾਂ ਦਾ ਸਵਾਗਤ ਕਰਨ ਅਤੇ ਚੀਨੀ ਮੌਜੂਦਗੀ ਦੀ ਨਿੰਦਾ ਕਰਨ ਲਈ ਨਿਕਲੇ, ਤਾਂ ਚੀਨੀ ਅਧਿਕਾਰੀਆਂ ਨੇ ਮਿਸ਼ਨ 'ਉੱਪਰ ਲੋਕਾਂ ਨੂੰ ਭੜਕਾਉਣ ਦਾ ਦੋਸ਼ ਲਗਾਇਆ ਅਤੇ ਇਸਨੂੰ ਬਾਹਰ ਕੱਢ ਦਿੱਤਾ, ਇਹ ਕਹਿੰਦੇ ਹੋਏ ਕਿ ਇਹ 'ਮਾਤ ਭੂਮੀ ਦੀ ਏਕਤਾ' ਲਈ ਖ਼ਤਰਾ ਹੈ। ਮੈਂ ਸਮਝਦਾਰੀ ਨਾਲ ਘਟਨਾਵਾਂ ਦੇ ਇਸ ਮੋੜ ਤੋਂ ਪਰੇਸ਼ਾਨ ਸੀ। "ਤੱਥਾਂ ਵਿਚੋਂ ਸੱਚਾਈ ਲੱਭਣ" ਦੀ ਗੱਲ ਤਾਂ ਦੂਰ, ਚੀਨ ਦੇ ਇਰਾਦੇ ਤੱਥਾਂ ਨੂੰ ਹੀ ਨਜ਼ਰਅੰਦਾਜ਼ ਕਰਨ ਦੇ ਜਾਪਦੇ ਸਨ। ਪਰ ਇਸ ਤਰਾਂ ਬਾਹਰ ਕੱਢੇ ਜਾਣ ਦੀ ਘਟਨਾ ਨੇ ਤੋਂ ਘੱਟੋ ਘੱਟ ਇਹ ਦਿਖਾ ਹੀ ਦਿੱਤਾ ਕਿ ਚੀਨੀ ਘੱਟੋ ਘੱਟ ਤਿੱਬਤੀ ਭਾਵਨਾਵਾਂ ਨਾਲ ਕੁਝ ਹੱਦ ਤੱਕ ਚਿੰਤਤ ਸਨ।

ਪਰ ਮੇਰੀ ਭੈਣ ਜੇਤਸੁਨ ਪੇਮਾ ਦੀ ਅਗਵਾਈ ਵਾਲੇ ਤੀਜੇ ਮਿਸ਼ਨ ਨੂੰ ਰਹਿਣ ਦੀ ਇਜਾਜ਼ਤ ਦਿੱਤੀ ਗਈ। ਅਕਤੂਬਰ 1980 ਵਿੱਚ ਧਰਮਸ਼ਾਲਾ ਵਾਪਸ ਆਉਣ 'ਤੇ, ਉਨ੍ਹਾਂ

ਦੀਆਂ ਰਿਪੋਰਟਾਂ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਹਾਲਾਂਕਿ ਪਿਛਲੇ ਵੀਹ ਸਾਲਾਂ ਵਿੱਚ ਸਿੱਖਿਆ ਦੇ ਆਮ ਪੱਧਰ ਵਿੱਚ ਥੋੜ੍ਹਾ ਸੁਧਾਰ ਹੋਇਆ ਹੈ, ਪਰ ਅਜਿਹਾ ਲਗਦਾ ਸੀ ਕਿ ਚੀਨੀਆਂ ਨੂੰ ਲੋੜੀਂਦੀ ਇੱਕੋ ਇੱਕ ਸਿੱਖਿਆ ਬੱਚਿਆਂ ਨੂੰ ਚੇਅਰਮੈਨ ਮਾਓ ਦੇ ਵਿਚਾਰਾਂ ਦਾ ਅਧਿਐਨ ਕਰਨ ਅਤੇ 'ਇਕਬਾਲੀਆ ਬਿਆਨ' ਲਿਖਣ ਦੇ ਯੋਗ ਬਣਾਉਣਾ ਸੀ।

ਕੁੱਲ ਮਿਲਾ ਕੇ, ਤੱਥ-ਖੋਜ ਮਿਸ਼ਨਾਂ ਦੁਆਰਾ ਪ੍ਰਾਪਤ ਜਾਣਕਾਰੀ ਨੇ ਨਾ ਸਿਰਫ਼ ਚੀਨ ਦੁਆਰਾ ਤਿੱਬਤ ਦੀ ਕੁੱਲ ਲੁੱਟ ਦਾ ਖੁਲਾਸਾ ਕੀਤਾ, ਸਗੋਂ ਇਹ ਵੀ ਦਿਖਾਇਆ ਕਿ ਤਿੱਬਤੀਆਂ ਦੇ ਜੀਵਨ ਪੱਧਰ ਵਿੱਚ ਲਗਾਤਾਰ ਗਿਰਾਵਟ ਆ ਰਹੀ ਸੀ। ਪਿਛਲੇ ਵੀਹ ਸਾਲਾਂ ਦੇ ਦੁੱਖਾਂ ਦੇ ਮੁਕਾਬਲੇ ਸਥਿਤੀ ਵਿੱਚ ਜ਼ਰੂਰ ਸੁਧਾਰ ਹੋਇਆ ਸੀ, ਪਰ ਇਹ ਸਪੱਸ਼ਟ ਸੀ ਕਿ ਚੀਨੀ ਅਜੇ ਵੀ ਤਿੱਬਤੀਆਂ ਨੂੰ "ਪਛੜੇ, ਅਗਿਆਨੀ, ਜ਼ਾਲਮ ਅਤੇ ਜੰਗਲੀ " ਮੰਨਦੇ ਸਨ।

212 ਅਜ਼ਾਦ ਸ਼ਰਨਾਰਥੀ

1981 ਵਿੱਚ ਮੇਰੀ ਮਾਂ ਦੀ ਮੌਤ, ਸਟ੍ਰੋਕ ਤੋਂ ਬਾਅਦ ਇੱਕ ਛੋਟੀ ਜਿਹੀ ਬਿਮਾਰੀ ਤੋਂ ਬਾਅਦ ਹੋ ਗਈ। ਉਹ ਆਪਣੀ ਲਗਭਗ 80 ਸਾਲਾਂ ਦੀ ਲੰਬੀ ਜ਼ਿੰਦਗੀ ਦੌਰਾਨ ਹਮੇਸ਼ਾ ਸਿਹਤਮੰਦ ਰਹੀ। ਇਸ ਲਈ ਬਿਮਾਰ ਹੋ ਕੇ ਬਿਸਤਰੇ 'ਤੇ ਪਏ ਰਹਿਣਾ ਉਸ ਲਈ ਇੱਕ ਨਵਾਂ ਅਨੁਭਵ ਸੀ। ਇਸਦਾ ਮਤਲਬ ਸੀ, ਉਸਨੇ ਮਹਿਸੂਸ ਕੀਤਾ, ਕਿ ਪਹਿਲੀ ਵਾਰ ਉਸਨੂੰ ਦੂਜਿਆਂ 'ਤੇ ਨਿਰਭਰ ਰਹਿਣਾ ਪਵੇਗਾ। ਇਸ ਤੋਂ ਪਹਿਲਾਂ ਮੇਰੀ ਮਾਂ ਆਪਣਾ ਧਿਆਨ ਰੱਖ ਰਹੀ ਸੀ। ਉਦਾਹਰਣ ਵਜੋਂ ਉਹ ਜਲਦੀ ਉੱਠਣਾ ਪਸੰਦ ਕਰਦੀ ਸੀ ਪਰ ਆਪਣੇ ਨੌਕਰ ਨੂੰ ਜਲਦੀ ਉੱਠਣ ਨੂੰ ਨਹੀਂ ਕਹਿੰਦੀ ਸੀ । ਜ਼ਖਮੀ ਹੋਏ ਗੁੱਟ ਤੋਂ ਵੀ ਉਸਨੂੰ ਪਰੇਸ਼ਾਨੀ ਸੀ ਪਰ ਉਹ ਹਮੇਸ਼ਾ ਆਪਣੀ ਸਵੇਰ ਦੀ ਚਾਹ ਬਣਾਉਂਦੀ ਸੀ।

ਆਪਣੀ ਜ਼ਿੰਦਗੀ ਦੇ ਆਖਰੀ ਮਹੀਨੇ ਵਿੱਚ, ਤੇਨਜ਼ਿਨ ਚੋਗਿਆਲ, ਜੋ ਉਸਦੇ ਨਾਲ ਰਹਿ ਰਿਹਾ ਸੀ, ਨੇ ਉਸਨੂੰ ਪੁੱਛਿਆ ਕਿ ਉਸਦੇ ਬੱਚਿਆਂ ਵਿੱਚੋਂ ਉਸਦਾ ਕਿਹੜਾ ਮਨਪਸੰਦ ਹੈ? ਮੈਨੂੰ ਉਮੀਦ ਹੈ ਕਿ ਉਹ ਸੋਚ ਰਿਹਾ ਸੀ ਕਿ ਉਸਨੂੰ ਇਹ ਖਿਤਾਬ ਮਿਲੇਗਾ। ਪਰ ਨਹੀਂ, ਉਸਨੇ ਕਿਹਾ ਕਿ ਉਹ ਲੋਬਸਾਂਗ ਸੈਮਟੇਨ ਨੂੰ ਸਭ ਤੋਂ ਵੱਧ ਪਿਆਰ ਕਰਦੀ ਸੀ। ਮੈਂ ਇਹ ਕਹਾਣੀ ਇਸ ਲਈ ਨਹੀਂ ਦੱਸ ਰਿਹਾ ਹਾਂ ਕਿਉਂਕਿ ਜਦੋਂ

ਮੇਰੇ ਛੋਟੇ ਭਰਾ ਨੇ ਮੈਨੂੰ ਇਹ ਦੱਸਿਆ ਸੀ ਤਾਂ ਮੈਂ ਸੋਚਿਆ ਸੀ ਕਿ ਮੇਰਾ ਨਾਂ ਆ ਸਕਦਾ ਹੈ ਹਾਂ, ਸਗੋਂ ਇਸ ਲਈ ਵੀ ਕਿਉਂਕਿ ਉਸਦੀ ਮੌਤ ਦੇ ਸਮੇਂ ਉਸਦੇ ਪੁੱਤਰਾਂ ਵਿੱਚੋਂ ਸਿਰਫ਼ ਲੋਬਸਾਂਗ ਸੈਮਟੇਨ ਉਸਦੇ ਨਾਲ ਸੀ। ਮੈਂ ਉਸਦੀ ਮੌਤ ਤੋਂ ਕੁਝ ਸਮਾਂ ਪਹਿਲਾਂ ਮਾਂ ਦੀ ਝੌਂਪੜੀ ਵਿੱਚ ਉਸ ਨੂੰ ਮਿਲਿਆ ਸੀ ਪਰ ਮੌਤ ਦੇ ਸਮੇਂ ਮੈਂ ਬੋਧ ਗਯਾ ਵਿੱਚ ਸੀ।

ਜਿਵੇਂ ਹੀ ਮੈਂ ਇਹ ਖ਼ਬਰ ਸੁਣੀ ਮੈਂ ਉਸਦੇ ਚੰਗੇ ਪੁਨਰ ਜਨਮ ਲਈ ਪ੍ਰਾਰਥਨਾ ਕਰਨੀ ਸ਼ੁਰੂ ਕਰ ਦਿੱਤੀ। ਹਰ ਤਿੱਬਤੀ ਮੌਜੂਦ ਪ੍ਰਾਰਥਨਾ ਵਿੱਚ ਸ਼ਾਮਲ ਹੋ ਗਿਆ ਅਤੇ ਬਾਕੀ ਸਾਰਿਆਂ ਦੀਆਂ ਡੂੰਘੀਆਂ ਭਾਵਨਾਵਾਂ ਨੂੰ ਦੇਖਣਾ ਦਿਲ ਨੂੰ ਛੂਹ ਲੈਣ ਵਾਲਾ ਸੀ। ਸਰਕਾਰ ਨੇ ਵੀ ਇੱਕ ਸ਼ੋਕ ਪੱਤਰ ਭੇਜਿਆ। ਇਹ ਲਿੰਗ ਰਿਨਪੋਚੇ ਨੂੰ ਸੰਬੋਧਿਤ ਕੀਤਾ ਗਿਆ ਸੀ ਕਿਉਂਕਿ ਮੌਤ ਦੀ ਖ਼ਬਰ ਉਸਦੇ ਰਾਹੀਂ ਭੇਜੀ ਗਈ ਸੀ। ਪਰ ਕਿਸੇ ਕਾਰਨ ਕਰਕੇ ਇਹ ਸਿੱਧਾ ਮੈਨੂੰ ਭੇਜਿਆ ਗਿਆ ਸੀ। ਫਿਰ ਇੱਕ ਬਹੁਤ ਹੀ ਮਜ਼ਾਕੀਆ ਘਟਨਾ ਵਾਪਰੀ। ਪੱਤਰ ਪੜ੍ਹਨ ਤੋਂ ਬਾਅਦ, ਮੈਂ ਇਸਨੂੰ ਲਿੰਗ ਰਿਨਪੋਚੇ ਨੂੰ ਦੇ ਦਿੱਤਾ। ਜਦੋਂ ਉਸਨੇ ਇਹ ਪੱਤਰ ਖਤਮ ਕਰ ਲਿਆ, ਤਾਂ ਉਹ ਆਪਣਾ ਸਿਰ ਖੁਰਕਦਾ ਹੋਇਆ ਵਾਪਸ ਆਇਆ ਅਤੇ ਕਿਹਾ, "ਮੈਨੂੰ ਲੱਗਦਾ ਹੈ ਕਿ ਮੈਨੂੰ ਇਹ ਪੱਤਰ ਮੇਰੇ ਵਲੋਂ ਤੁਹਾਨੂੰ ਦੇਣਾ ਚਾਹੀਦਾ ਸੀ, ਨਾ ਕੀ ਤੁਹਾਡੇ ਵਲੋਂ ਮੈਨੂੰ?। ਹੁਣ ਮੈਨੂੰ ਕੀ ਕਰਾਂ?" ਇਹ ਇੱਕੋ ਇੱਕ ਵਾਰ ਸੀ ਜਦੋਂ ਮੈਂ ਲਿੰਗ ਰਿਨਪੋਚੇ ਨੂੰ ਸ਼ਬਦਾ ਨਹੀਂ ਸਨ ਮਿਲ ਰਹੇ ।

ਬੇਸ਼ੱਕ ਮੈਨੂੰ ਆਪਣੀ ਮਾਂ ਦੀ ਮੌਤ ਦਾ ਬਹੁਤ ਦੁੱਖ ਹੋਇਆ। ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ ਅਤੇ ਮੇਰੇ ਕੰਮ ਅਤੇ ਜ਼ਿੰਮੇਵਾਰੀਆਂ ਦਾ ਬੋਝ ਵਧਦਾ ਗਿਆ, ਉਨ੍ਹਾਂ ਨਾਲ ਮੇਰੀ ਗੱਲਬਾਤ ਘੱਟਦੀ ਗਈ। ਫਿਰ ਵੀ, ਅਸੀਂ ਦਿਲੋਂ ਬਹੁਤ ਨੇੜੇ ਸੀ ਅਤੇ ਮੈਨੂੰ ਇਹ ਇੱਕ ਵੱਡਾ ਨੁਕਸਾਨ ਮਹਿਸੂਸ ਹੋਇਆ ਜਿਵੇਂ ਮੈਂ ਕਿਸੇ ਬਜ਼ੁਰਗ ਪਰਿਵਾਰਕ ਮੈਂਬਰ ਦੀ ਮੌਤ 'ਤੇ ਮਹਿਸੂਸ ਕਰਦਾ ਹਾਂ। ਹਾਂ, ਸਮੇਂ ਦੇ ਨਾਲ ਪੁਰਾਣੀ ਪੀੜ੍ਹੀ ਵੀ ਉਸੇ ਤਰ੍ਹਾਂ ਖਤਮ ਹੋ ਜਾਵੇਗੀ ਜਿਵੇਂ ਸਾਡੇ ਕਾਫ਼ਲੇ ਖਤਮ ਹੋ ਗਏ ਹਨ। ਮੇਰੇ ਆਲੇ-ਦੁਆਲੇ ਨੌਜਵਾਨ ਹਨ, ਮੇਰੇ ਤੋਂ ਛੋਟੇ। ਮੇਰੇ ਪ੍ਰਸ਼ਾਸਨ ਦੀ ਔਸਤ ਉਮਰ ਪੈਂਤੀ ਸਾਲ ਤੋਂ ਘੱਟ ਹੈ। ਮੈਨੂੰ ਲੱਗਦਾ ਹੈ ਕਿ ਇਹ ਕਿਸੇ ਤਰ੍ਹਾਂ ਠੀਕ ਵੀ ਹੈ। ਤਿੱਬਤ ਦੀ ਸਥਿਤੀ ਜੋ ਚੁਣੌਤੀਆਂ ਪੇਸ਼ ਕਰਦੀ ਹੈ, ਉਨ੍ਹਾਂ ਲਈ ਆਧੁਨਿਕ

ਦਿਮਾਗ ਦੀ ਲੋੜ ਹੁੰਦੀ ਹੈ। ਪੁਰਾਣੇ ਤਿੱਬਤ ਵਿੱਚ ਵੱਡੇ ਹੋਏ ਲੋਕਾਂ ਲਈ ਇਹ ਸਮਝਣਾ ਮੁਸ਼ਕਲ ਹੈ ਕਿ ਉੱਥੇ ਕੀ ਹੋ ਰਿਹਾ ਹੈ।

ਸ਼ਾਂਤੀ ਲਈ ਕੋਸ਼ਿਸ਼ 213

ਇਸ ਲਈ ਇਹ ਬਿਹਤਰ ਹੈ ਕਿ ਜਿਹੜੇ ਲੋਕ ਇਨ੍ਹਾਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ, ਉਨ੍ਹਾਂ 'ਤੇ ਪੁਰਾਣੀਆਂ ਯਾਦਾਂ ਦਾ ਬੋਝ ਨਾ ਹੋਵੇ। ਇਸ ਤੋਂ ਇਲਾਵਾ, ਇਹ ਸਾਡੇ ਬੱਚਿਆਂ ਦੀ ਖ਼ਾਤਰ ਹੈ ਕਿ ਤਿੱਬਤ ਦੀ ਸਹੀ ਆਜ਼ਾਦੀ ਨੂੰ ਮੁੜ ਪ੍ਰਾਪਤ ਕਰਨ ਲਈ ਸੰਘਰਸ਼ ਕੀਤਾ ਜਾ ਰਿਹਾ ਹੈ। ਜੇ ਉਹ ਚਾਹੁਣ, ਤਾਂ ਲੜਾਈ ਜਾਰੀ ਰੱਖ ਸਕਦੇ ਹਨ ।

ਅਪ੍ਰੈਲ 1982 ਦੇ ਸ਼ੁਰੂ ਵਿੱਚ, ਗੱਲਬਾਤ ਕਰਨ ਵਾਲਿਆਂ ਦੀ ਇੱਕ ਤਿੰਨ ਮੈਂਬਰੀ ਟੀਮ ਤਿੱਬਤ ਦੇ ਭਵਿੱਖ ਬਾਰੇ ਚਰਚਾ ਕਰਨ ਲਈ ਧਰਮਸ਼ਾਲਾ ਤੋਂ ਬੀਜਿੰਗ ਗਈ। ਇਸਦੀ ਅਗਵਾਈ ਕਾਸ਼ਾਗ ਦੇ ਉਸ ਸਮੇਂ ਦੇ ਸੀਨੀਅਰ ਮੈਂਬਰ ਜੁਚੇਨ ਥੁਬਟੇਨ ਨਾਮਗਿਆਲ ਕਰ ਰਹੇ ਸਨ। ਉਨ੍ਹਾਂ ਦੇ ਨਾਲ ਮੇਰੇ ਸਾਬਕਾ ਸਹਿਯੋਗੀ ਕੁਸੁਨ ਡੇਪੋਨ ਫੁਤਸੋ ਤਾਸ਼ੀ ਟਕਲਾ, ਜੋ 1951 ਵਿੱਚ ਨਗਾਬੋ ਨਗਾਵਾਂਗ ਜਿਗਮੇ ਦੇ ਦੁਭਾਸ਼ੀਏ ਸਨ, ਅਤੇ ਤਿੱਬਤੀ ਪੀਪਲਜ਼ ਅਸੈਂਬਲੀ ਦੇ ਚੇਅਰਮੈਨ, ਲੋਦੀ ਗਿਆਲਟਸੇਨ ਗਿਆਰੀ ਵੀ ਸਨ। ਉੱਥੇ ਉਨ੍ਹਾਂ ਨੇ ਚੀਨੀ ਸਰਕਾਰ ਦੇ ਸੀਨੀਅਰ ਮੈਂਬਰਾਂ ਨਾਲ ਮੁਲਾਕਾਤ ਕੀਤੀ ਤਾਂ ਜੋ ਦੋਵੇਂ ਧਿਰਾਂ ਆਪਣੇ ਸਟੈਂਡ ਸਪੱਸ਼ਟ ਕਰ ਸਕਣ।

ਤਿੱਬਤੀਆਂ ਦੁਆਰਾ ਚਰਚਾ ਲਈ ਹੇਠ ਲਿਖੇ ਨੁਕਤੇ ਪੇਸ਼ ਕੀਤੇ ਗਏ। ਪਹਿਲਾਂ, ਸਾਡੀ ਮਾਤ ਭੂਮੀ ਨਾਲ ਸਬੰਧਤ ਇਤਿਹਾਸਕ ਤੱਥ। ਉਨ੍ਹਾਂ ਨੇ ਚੀਨੀਆਂ ਨੂੰ ਯਾਦ ਦਿਵਾਇਆ ਕਿ ਇਤਿਹਾਸਕ ਤੌਰ 'ਤੇ, ਤਿੱਬਤ ਹਮੇਸ਼ਾ ਚੀਨ ਤੋਂ ਵੱਖਰਾ ਰਿਹਾ ਹੈ ਅਤੇ ਇਸ ਤੱਥ ਨੂੰ ਬਿਨਾਂ ਸ਼ੱਕ ਮਾਨਤਾ ਦਿੱਤੀ ਗਈ ਸੀ ਜਦੋਂ ਬੀਜਿੰਗ ਨੇ ਸਤਾਰਾਂ-ਨੁਕਾਤੀ 'ਸਮਝੌਤਾ' ਜਾਰੀ ਕੀਤਾ ਸੀ। ਵਾਰਤਾਕਾਰਾਂ ਦੁਆਰਾ ਉਠਾਇਆ ਗਿਆ ਦੂਜਾ ਨੁਕਤਾ ਇਹ ਸੀ ਕਿ ਤਿੱਬਤ ਵਿੱਚ 'ਪ੍ਰਗਤੀ' ਦੀਆਂ ਉੱਚੀਆਂ-ਉੱਚੀਆਂ ਗੱਲਾਂ ਦੇ ਬਾਵਜੂਦ, ਤਿੱਬਤੀ ਲੋਕ ਬਹੁਤ ਅਸੰਤੁਸ਼ਟ ਹਨ। ਇਨ੍ਹਾਂ ਤੱਥਾਂ ਦੇ ਆਧਾਰ 'ਤੇ, ਉਨ੍ਹਾਂ ਨੇ

ਸੁਝਾਅ ਦਿੱਤਾ ਕਿ ਹੁਣ ਚੀਨ 'ਤੇ ਨਿਰਭਰ ਕਰਦਾ ਹੈ ਕਿ ਉਹ ਸੱਚਾਈ ਨੂੰ ਸਵੀਕਾਰ ਕਰਨ ਵਾਲਾ ਇੱਕ ਨਵਾਂ ਰਸਤਾ ਲੱਭੇ।

ਵਾਰਤਾਕਾਰਾਂ ਵਿੱਚੋਂ ਇੱਕ ਨੇ ਇਹ ਵੀ ਪੁੱਛਿਆ ਕਿ ਕੀ ਤਿੱਬਤੀਆਂ ਨੂੰ ਨਸਲੀ ਦ੍ਰਿਸ਼ਟੀਕੋਣ ਤੋਂ ਜੇ ਵੱਧ ਨਹੀਂ, ਤਾਂ ਬਰਾਬਰ ਅਧਿਕਾਰ ਦਿੱਤੇ ਜਾਣੇ ਚਾਹੀਦੇ ਹਨ ਜੋ ਚੀਨੀ ਸਰਕਾਰ ਨੇ ਕਿਹਾ ਹੈ ਕਿ ਉਹ ਤਾਈਵਾਨ ਵਿੱਚ ਆਪਣੇ ਲੋਕਾਂ ਨੂੰ ਦੇਣ ਲਈ ਤਿਆਰ ਹੈ। ਉਹਨਾਂ ਨੂੰ ਦੱਸਿਆ ਗਿਆ ਕਿ ਇਹ ਪੇਸ਼ਕਸ਼ ਤਾਈਵਾਨ ਨੂੰ ਇਸ ਲਈ ਕੀਤੀ ਜਾ ਰਹੀ ਹੈ ਕਿਉਂਕਿ ਉਹ ਅਜੇ 'ਆਜ਼ਾਦ' ਨਹੀਂ ਹੋਏ ਹਨ ਜਦੋਂ ਕਿ "ਤਿੱਬਤ ਪਹਿਲਾਂ ਹੀ ਸਮਾਜਵਾਦ ਦੇ ਸਨਮਾਨਜਨਕ ਮਾਰਗ 'ਤੇ ਹੈ।" (ਮਤਲਬ ਤਿੱਬਤ ਅਜ਼ਾਦ ਹੈ)

ਬਦਕਿਸਮਤੀ ਨਾਲ, ਚੀਨੀਆਂ ਕੋਲ ਆਪਣੇ ਕੇਸ ਦਾ ਸਮਰਥਨ ਕਰਨ ਲਈ ਕੁਝ ਨਹੀਂ ਸੀ। ਇਸ ਲਈ ਉਨ੍ਹਾਂ ਨੇ ਇਨ੍ਹਾਂ ਮੈਂਬਰਾਂ ਨੂੰ ਸਿਰਫ ਭਾਸ਼ਣ ਦਿੱਤਾ ਅਤੇ ਸਾਡੇ 'ਤੇ ਤੱਥ-ਖੋਜ ਮਿਸ਼ਨਾਂ ਦੇ ਸਬੂਤਾਂ ਨੂੰ ਵਿਗਾੜਨ ਦਾ ਦੋਸ਼ ਲਗਾਇਆ। ਉਹ ਆਪਣੀ ਚਰਚਾ ਨੂੰ ਦਲਾਈ ਲਾਮਾ ਦੀ ਵਾਪਸੀ ਤੱਕ ਸੀਮਤ ਕਰਨਾ ਚਾਹੁੰਦੇ ਸਨ। ਇਸ ਲਈ ਉਸਨੇ ਇੱਕ ਰਾਜਦੂਤ ਵਜੋਂ ਮੇਰੀ ਸਮਰੱਥਾ ਵਿੱਚ ਪੰਜ ਨੁਕਤੇ ਸੂਚੀਬੱਧ ਕੀਤੇ:--

1. ਦਲਾਈ ਲਾਮਾ ਨੂੰ ਯਕੀਨ ਹੋਣਾ ਚਾਹੀਦਾ ਹੈ ਕਿ ਚੀਨ ਲੰਬੇ ਸਮੇਂ ਦੀ ਰਾਜਨੀਤਿਕ ਸਥਿਰਤਾ, ਨਿਰੰਤਰ ਆਰਥਿਕ ਤਰੱਕੀ ਅਤੇ ਸਾਰੇ ਲੋਕਾਂ ਵਿੱਚ ਆਪਸੀ ਸਹਾਇਤਾ ਦੀ ਸਥਿਤੀ ਵਿੱਚ ਦਾਖਲ ਹੋ ਗਿਆ ਹੈ।

2. ਦਲਾਈ ਲਾਮਾ ਅਤੇ ਉਨ੍ਹਾਂ ਦੇ ਪ੍ਰਤੀਨਿਧੀਆਂ ਨੂੰ ਕੇਂਦਰੀ ਸਰਕਾਰ ਨਾਲ ਸਪੱਸ਼ਟ ਅਤੇ ਗੰਭੀਰ ਹੋਣਾ ਚਾਹੀਦਾ ਹੈ ਅਤੇ ਹਵਾ ਵਿੱਚ ਲਾਠੀਆਂ ਨਹੀਂ ਮਾਰਨੀਆਂ ਚਾਹੀਦੀਆਂ। 1959 ਦੀਆਂ ਘਟਨਾਵਾਂ 'ਤੇ ਹੁਣ ਹੋਰ ਰੌਲਾ-ਰੱਪਾ ਨਹੀਂ ਹੋਣਾ ਚਾਹੀਦਾ।

214 ਅਜ਼ਾਦ ਸ਼ਰਨਾਰਥੀ

3. ਕੇਂਦਰੀ ਅਧਿਕਾਰੀ ਦਲਾਈ ਲਾਮਾ ਅਤੇ ਉਨ੍ਹਾਂ ਦੇ ਪੈਰੋਕਾਰਾਂ ਦੀ ਵਾਪਸੀ ਦਾ ਨਿੱਘਾ ਸਵਾਗਤ ਕਰਨਗੇ, ਇਸ ਉਮੀਦ ਵਿੱਚ ਕਿ ਉਹ ਚੀਨ ਦੀ ਏਕਤਾ ਬਣਾਈ ਰੱਖਣ, ਹਾਨ ਅਤੇ ਤਿੱਬਤੀਆਂ ਅਤੇ ਸਾਰੇ ਲੋਕਾਂ ਵਿੱਚ ਸਮਾਜਿਕ ਏਕਤਾ ਨੂੰ ਉਤਸ਼ਾਹਿਤ ਕਰਨ ਅਤੇ ਆਧੁਨਿਕੀਕਰਨ ਪ੍ਰੋਗਰਾਮ ਨੂੰ ਅੱਗੇ ਵਧਾਉਣ ਵਿੱਚ ਯੋਗਦਾਨ ਪਾਉਣਗੇ।

4. ਦਲਾਈ ਲਾਮਾ 1959 ਤੋਂ ਪਹਿਲਾਂ ਵਾਂਗ ਹੀ ਰਾਜਨੀਤਿਕ ਸਥਿਤੀ ਅਤੇ ਜੀਵਨ ਸ਼ੈਲੀ ਬਣਾਈ ਰੱਖਣਗੇ। ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਤਿੱਬਤ ਜਾਣ ਜਾਂ ਉੱਥੇ ਸਥਾਨਕ ਅਹੁਦੇ ਲੈਣ ਦੀ ਜ਼ਰੂਰਤ ਨਹੀਂ ਹੈ। ਉਹ ਸਮੇਂ-ਸਮੇਂ 'ਤੇ ਤਿੱਬਤ ਦਾ ਦੌਰਾ ਕਰ ਸਕਦੇ ਹਨ। ਉਨ੍ਹਾਂ ਦੇ ਪੈਰੋਕਾਰਾਂ ਨੂੰ ਆਪਣੀਆਂ ਨੌਕਰੀਆਂ ਅਤੇ ਰੋਜ਼ੀ-ਰੋਟੀ ਬਾਰੇ ਚਿੰਤਾ ਕਰਨ ਦੀ ਜ਼ਰੂਰਤ ਨਹੀਂ ਹੈ। ਉਹ ਪਹਿਲਾਂ ਨਾਲੋਂ ਬਿਹਤਰ ਹੋਣਗੇ।

5. ਜਦੋਂ ਦਲਾਈ ਲਾਮਾ ਵਾਪਸ ਆਉਣਾ ਚਾਹੁਣ, ਤਾਂ ਉਹ ਪ੍ਰੈਸ ਨੂੰ ਇੱਕ ਸੰਖੇਪ ਬਿਆਨ ਦੇ ਸਕਦੇ ਹਨ। ਇਹ ਫੈਸਲਾ ਕਰਨਾ ਉਨ੍ਹਾਂ 'ਤੇ ਨਿਰਭਰ ਕਰਦਾ ਹੈ ਕਿ ਉਹ ਬਿਆਨ ਵਿੱਚ ਕੀ ਕਹਿਣਾ ਚਾਹੁੰਦੇ ਹਨ।

ਫਿਰ ਵਫ਼ਦਾਂ ਦੇ ਧਰਮਸ਼ਾਲਾ ਵਾਪਸ ਪਰਤ ਆਉਣ ਤੇ ਚੀਨੀ ਸਰਕਾਰ ਨੇ ਕਾਰਵਾਈਆਂ ਦਾ ਇੱਕ ਉਲਟਾ ਬਿਰਤਾਂਤ ਪ੍ਰਕਾਸ਼ਿਤ ਕੀਤਾ, ਜਿਸ ਵਿੱਚ ਸਾਡੇ ਪਹੁੰਚ ਨੂੰ 'ਵੱਖਵਾਦੀ', 'ਪ੍ਰਤੀਕਿਰਿਆਵਾਦੀ' ਅਤੇ "ਚੀਨੀ ਲੋਕਾਂ ਅਤੇ ਤਿੱਬਤੀਆਂ ਦੁਆਰਾ ਹੋਰ ਵੀ ਸਖ਼ਤ ਵਿਰੋਧ" ਦੱਸਿਆ ਗਿਆ। ਅਜਿਹਾ ਲੱਗ ਰਿਹਾ ਸੀ ਕਿ ਤਿੱਬਤ ਬਾਰੇ ਚੀਨ ਦੀ 'ਨਵੀਂ' ਨੀਤੀ ਉਸ ਨੀਤੀ ਨਾਲੋਂ ਸਖ਼ਤ ਹੋ ਗਈ ਸੀ ਜਿਸ ਨੂੰ 1970 ਦੇ ਦਹਾਕੇ ਦੇ ਅਖੀਰ ਵਿੱਚ ਵਧੇਰੇ ਲਚਕਦਾਰ ਹੋਣ ਦਾ ਸੰਕੇਤ ਦਿੱਤਾ ਗਿਆ ਸੀ। ਇੱਕ ਪੁਰਾਣੀ ਤਿੱਬਤੀ ਕਹਾਵਤ ਹੈ: "ਉਹ ਤੁਹਾਨੂੰ ਖੰਡ ਦਿਖਾਉਣਗੇ, ਪਰ ਉਹ ਤੁਹਾਡੇ ਮੂੰਹ ਵਿੱਚ, ਸੀਲ ਕਰਨ ਲਈ ਲਾਖ ਪਾਉਣਗੇ ।"

ਰਹੀ ਗੱਲ ਮੇਰੇ ਨਾਲ ਸੰਬੰਧਿਤ ਪੰਜ ਨੁਕਤਿਆਂ ਦੀ ਤਾਂ ਮੈਨੂੰ ਖੁਦ ਨਹੀਂ ਪਤਾ ਕਿ ਚੀਨੀ ਕਿਉਂ ਸੋਚਦੇ ਹਨ ਕਿ ਮੈਂ ਆਪਣੀ ਨਿੱਜੀ ਸਥਿਤੀ ਨੂੰ ਜ਼ਿਆਦਾ ਮਹੱਤਵ ਦਿੰਦਾ ਹਾਂ। ਸਾਡੇ ਸੰਘਰਸ਼ ਵਿੱਚ ਮੈਂ ਕਦੇ ਵੀ ਆਪਣੇ ਬਾਰੇ ਨਹੀਂ, ਸਗੋਂ ਆਪਣੇ

ਸੱਠ ਲੱਖ ਸਾਥੀ ਦੇਸ਼ ਵਾਸੀਆਂ ਦੇ ਅਧਿਕਾਰਾਂ, ਭਲਾਈ ਅਤੇ ਆਜ਼ਾਦੀ ਬਾਰੇ ਚਿੰਤਤ ਰਿਹਾ ਹਾਂ। ਇਸਦੇ ਪਿੱਛੇ, ਕਾਰਨ ਸਰਹੱਦਾਂ ਜਾਂ ਇਸ ਤਰ੍ਹਾਂ ਦੀ ਕਿਸੇ ਚੀਜ਼ ਬਾਰੇ ਚਿੰਤਾ ਨਹੀਂ ਹੈ। ਕਿਉਂਕਿ ਮੇਰਾ ਮੰਨਣਾ ਹੈ ਕਿ ਮਨੁੱਖ ਲਈ ਸਭ ਤੋਂ ਮਹੱਤਵਪੂਰਨ ਚੀਜ਼ ਰਚਨਾਤਮਕਤਾ ਹੈ। ਮੇਰਾ ਇਹ ਵੀ ਮੰਨਣਾ ਹੈ ਕਿ ਇਸ ਰਚਨਾਤਮਕਤਾ ਨੂੰ ਵਰਤਣ ਦੇ ਯੋਗ ਹੋਣ ਲਈ, ਲੋਕਾਂ ਨੂੰ ਆਜ਼ਾਦ ਹੋਣ ਦੀ ਲੋੜ ਹੈ। ਮੈਂ ਜਲਾਵਤਨੀ ਵਿੱਚ ਆਜ਼ਾਦ ਹਾਂ। ਅਤੇ ਮੈਂ ਇਕੱਤੀ ਸਾਲ ਸ਼ਰਨਾਰਥੀ ਵਜੋਂ ਰਹਿਣ ਤੋਂ ਬਾਅਦ ਆਜ਼ਾਦੀ ਦੀ ਕੁੱਝ ਕੀਮਤ ਤਾਂ ਸਮਝੀ ਹੀ ਹੈ । ਇਸ ਲਈ ਜਦੋਂ ਤੱਕ ਸਾਰੇ ਤਿੱਬਤੀ ਆਪਣੇ ਦੇਸ਼ ਵਿੱਚ ਇੱਕੋ ਜਿਹੇ ਆਜ਼ਾਦ ਨਹੀਂ ਹੁੰਦੇ, ਤਿੱਬਤ ਵਿੱਚ ਮੇਰੀ ਵਾਪਸੀ ਵਿਅਰਥ ਹੈ।

ਫਿਰ ਵੀ, ਚੀਨੀ ਅਧਿਕਾਰੀਆਂ ਨਾਲ ਇਹਨਾਂ ਬੇਕਾਰ ਵਿਚਾਰ-ਵਟਾਂਦਰੇ ਦੇ ਬਾਵਜੂਦ, ਮੈਂ ਫੈਸਲਾ ਕੀਤਾ ਕਿ ਮੈਂ ਤਿੱਬਤ ਦਾ ਇੱਕ ਛੋਟਾ ਜਿਹਾ ਦੌਰਾ ਕਰਾਂਗਾ, ਜੇਕਰ ਬੀਜਿੰਗ ਨੂੰ ਸਵੀਕਾਰ ਹੋਵੇ। ਮੈਂ ਆਪਣੇ ਲੋਕਾਂ ਨਾਲ ਗੱਲ ਕਰਨਾ ਚਾਹੁੰਦਾ ਸੀ ਅਤੇ ਅਸਲ ਸਥਿਤੀ ਨੂੰ ਆਪਣੇ ਲਈ ਦੇਖਣਾ ਚਾਹੁੰਦਾ ਸੀ। ਜਵਾਬ ਸਕਾਰਾਤਮਕ ਸੀ। ਇਸ ਲਈ ਅਗਲੇ ਸਾਲ ਮੇਰੀ ਫੇਰੀ ਤੋਂ ਪਹਿਲਾਂ 1984 ਵਿੱਚ ਇੱਕ ਐਡਵਾਂਸ ਪਾਰਟੀ ਭੇਜਣ ਦੀਆਂ ਤਿਆਰੀਆਂ ਕੀਤੀਆਂ ਗਈਆਂ।

ਇਸ ਦੌਰਾਨ, ਯਾਤਰਾ ਪਾਬੰਦੀਆਂ ਹਟਾਏ ਜਾਣ ਦੇ ਨਾਲ, ਤਿੱਬਤੀ ਵੱਡੀ ਗਿਣਤੀ ਵਿੱਚ ਭਾਰਤ ਆਉਣੇ ਸ਼ੁਰੂ ਹੋ ਗਏ। ਅਜਿਹਾ ਅਜੇ ਵੀ ਜਾਰੀ ਹੈ ਹਾਲਾਂਕਿ ਗਿਣਤੀ ਘੱਟ ਰਹੀ ਹੈ।

ਸ਼ਾਂਤੀ ਲਈ ਕੋਸ਼ਿਸ਼ 215

ਲਿਖਣ ਦੇ ਸਮੇਂ, 10,000 ਲੋਕ ਯਾਤਰਾ ਕਰ ਚੁੱਕੇ ਸਨ ਅਤੇ ਅੱਧੇ ਤੋਂ ਵੱਧ, ਜ਼ਿਆਦਾਤਰ ਨੌਜਵਾਨ ਜੋ ਸਾਡੇ ਸਕੂਲਾਂ ਅਤੇ ਮੱਠ ਯੂਨੀਵਰਸਿਟੀਆਂ ਦੁਆਰਾ ਦਿੱਤੀ ਜਾਂਦੀ ਸਿੱਖਿਆ ਤੋਂ ਲਾਭ ਉਠਾਉਣਾ ਚਾਹੁੰਦੇ ਸਨ, ਉੱਥੇ ਹੀ ਰਹੇ। ਜਿਹੜੇ ਵਾਪਸ ਆਏ ਉਨ੍ਹਾਂ ਨੂੰ ਅਜਿਹਾ ਕਰਨ ਲਈ ਮਜਬੂਰ ਕੀਤਾ ਗਿਆ।

ਮੈਂ ਤਿੱਬਤ ਤੋਂ ਆਏ ਇਨ੍ਹਾਂ ਯਾਤਰੀਆਂ ਅਤੇ ਨਵੇਂ ਆਉਣ ਵਾਲਿਆਂ ਦਾ ਨਿੱਜੀ ਤੌਰ 'ਤੇ ਸਵਾਗਤ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਬੇਸ਼ੱਕ, ਸਾਡੀਆਂ ਮੀਟਿੰਗਾਂ ਭਾਵਨਾਤਮਕ ਹੁੰਦੀਆਂ ਹਨ। ਜ਼ਿਆਦਾਤਰ ਉਦਾਸ, ਮਾਸੂਮ, ਪਾਟੇ ਕੱਪੜੇ ਪਹਿਨੇ ਆਉਂਦੇ ਹਨ। ਮੈਂ ਹਮੇਸ਼ਾ ਉਨ੍ਹਾਂ ਨੂੰ ਉਨ੍ਹਾਂ ਦੇ ਆਪਣੇ ਜੀਵਨ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਜੀਵਨ ਬਾਰੇ ਪੁੱਛਦਾ ਹਾਂ। ਅਤੇ ਉਹ ਹਮੇਸ਼ਾ ਹੰਝੂਆਂ ਨਾਲ ਜਵਾਬ ਦਿੰਦੇ ਹਨ। ਕੁਝ ਤਾਂ ਆਪਣੇ ਦੁੱਖ ਦੀਆਂ ਕਹਾਣੀਆਂ ਸੁਣਾਉਂਦੇ ਹੋਏ ਵੀ ਰੋ ਪੈਂਦੇ ਹਨ।

ਇਸ ਸਮੇਂ ਦੌਰਾਨ ਮੈਂ ਤਿੱਬਤ ਤੋਂ ਕਾਫ਼ੀ ਗਿਣਤੀ ਵਿੱਚ ਸੈਲਾਨੀਆਂ ਨੂੰ ਵੀ ਮਿਲਣਾ ਸ਼ੁਰੂ ਕੀਤਾ। ਇਤਿਹਾਸ ਵਿੱਚ ਪਹਿਲੀ ਵਾਰ, ਵਿਦੇਸ਼ੀ, ਜ਼ਿਆਦਾਤਰ ਪੱਛਮੀ ਲੋਕਾਂ ਨੂੰ, 'ਬਰਫ਼ ਦੀ ਧਰਤੀ' ਦੀ ਸੀਮਤ ਯਾਤਰਾ ਦੀ ਇਜਾਜ਼ਤ ਸੀ। ਬਦਕਿਸਮਤੀ ਨਾਲ, ਚੀਨੀ ਅਧਿਕਾਰੀਆਂ ਨੇ ਸ਼ੁਰੂ ਤੋਂ ਹੀ ਭਾਰੀ ਪਾਬੰਦੀਆਂ ਲਗਾ ਦਿੱਤੀਆਂ। ਪਹਿਲੇ ਕੁਝ ਦਿਨਾਂ ਨੂੰ ਛੱਡ ਕੇ, ਪ੍ਰਵੇਸ਼ ਲਗਭਗ ਅਸੰਭਵ ਸੀ ਜਦੋਂ ਤੱਕ ਕੋਈ ਸਮੂਹ ਨਹੀਂ ਜਾ ਰਿਹਾ ਸੀ ਅਤੇ ਉਹ ਵੀ ਇੱਕ ਯੋਜਨਾਬੱਧ ਯਾਤਰਾ ਪ੍ਰੋਗਰਾਮ ਦੇ ਨਾਲ। ਅਤੇ ਭਾਵੇਂ ਉਨ੍ਹਾਂ ਨੂੰ ਪ੍ਰਵੇਸ਼ ਮਿਲਦਾ ਵੀ ਹੈ, ਇਹ ਯਾਤਰੀ ਸਿਰਫ਼ ਸੀਮਤ ਗਿਣਤੀ ਵਿੱਚ ਖ਼ਾਸ ਸਥਾਨਾਂ 'ਤੇ ਹੀ ਜਾ ਸਕਦੇ ਸਨ। ਫਿਰ ਤਿੱਬਤੀਆਂ ਨਾਲ ਸੰਪਰਕ ਵੀ ਬਹੁਤ ਘੱਟ ਹੁੰਦਾ ਸੀ ਕਿਉਂਕਿ ਜ਼ਿਆਦਾਤਰ ਰਿਹਾਇਸ਼ ਚੀਨੀਆਂ ਦੀ ਮਲਕੀਅਤ ਅਤੇ ਸੰਚਾਲਨ ਵਿੱਚ ਸੀ। ਇਨ੍ਹਾਂ ਥਾਵਾਂ 'ਤੇ ਸਿਰਫ਼ ਕੁਝ ਤਿੱਬਤੀ ਸਨ ਅਤੇ ਉਹ ਵੀ ਮਾਮੂਲੀ ਕੰਮ ਕਰਨ ਵਾਲੇ ਨੌਕਰ, ਸਫਾਈ ਸੇਵਕ ਆਦਿ ।

ਇਹ ਸਾਰੀਆਂ ਬੁਰੀਆਂ ਚੀਜ਼ਾਂ ਅਜੇ ਵੀ ਕਾਇਮ ਹਨ। ਇਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਚੀਨੀ ਟੂਰ-ਗਾਈਡ ਲੋਕਾਂ ਨੂੰ ਸਿਰਫ਼ ਉਹ ਮੱਠ ਅਤੇ ਇਮਾਰਤਾਂ ਦਿਖਾਉਂਦੇ ਹਨ ਜੋ ਦੁਬਾਰਾ ਬਣਾਈਆਂ ਗਈਆਂ ਹਨ ਜਾਂ ਦੁਬਾਰਾ ਬਣਾਈਆਂ ਜਾ ਰਹੀਆਂ ਹਨ। ਉਹ ਇਹ ਦੇਖਣ ਵਿੱਚ ਅਸਫਲ ਰਹਿੰਦੇ ਹਨ ਕਿ ਹਜ਼ਾਰਾਂ ਅਜੇ ਵੀ ਖੰਡਰ ਵਿੱਚ ਪਏ ਹਨ। ਇਹ ਸੱਚ ਹੈ ਕਿ ਪਿਛਲੇ ਦਹਾਕੇ ਜਾਂ ਇਸ ਤੋਂ ਵੱਧ ਸਮੇਂ ਵਿੱਚ ਬਹੁਤ ਸਾਰਾ ਬਹਾਲੀ ਦਾ ਕੰਮ ਕੀਤਾ ਗਿਆ ਹੈ, ਖਾਸ ਕਰਕੇ ਲਹਾਸਾ ਵਿੱਚ ਅਤੇ ਇਸਦੇ ਆਲੇ-ਦੁਆਲੇ। ਮੈਂ ਇਹ ਸਭ ਕਿਸੇ ਬਦਨੀਤੀ ਨਾਲ ਨਹੀਂ ਕਹਿ ਰਿਹਾ। ਇਹ ਕੰਮ ਜ਼ਿਆਦਾਤਰ ਸੈਲਾਨੀਆਂ ਨੂੰ

ਦਿਖਾਵਾ ਕਰਨ ਲਈ ਕੀਤਾ ਜਾਂਦਾ ਹੈ। ਕਿਉਂਕਿ ਅਸੀਂ ਜਾਣਦੇ ਹਾਂ ਕਿ ਇਨ੍ਹਾਂ ਦੁਬਾਰਾ ਬਣਾਈਆਂ ਇਮਾਰਤਾਂ ਵਿੱਚ ਕੰਮ ਕਰਨ ਵਾਲੇ ਭਿਕਸ਼ੂਆਂ ਦੀ ਚੋਣ ਅਧਿਕਾਰੀਆਂ ਦੁਆਰਾ ਧਿਆਨ ਨਾਲ ਜਾਂਚ ਕਰਨ ਤੋਂ ਬਾਅਦ ਕੀਤੀ ਜਾਂਦੀ ਹੈ। ਪੜ੍ਹਾਈ ਕਰਨ ਦੀ ਬਜਾਏ, ਉਨ੍ਹਾਂ ਨੂੰ ਬਹਾਲੀ ਦਾ ਕੰਮ ਕਰਨਾ ਪੈਂਦਾ ਹੈ। ਇਸ ਲਈ ਪੈਸੇ ਜ਼ਿਆਦਾਤਰ ਬਾਹਰੀ ਲੋਕਾਂ ਦੁਆਰਾ ਦਿੱਤੇ ਜਾਂਦੇ ਹਨ। ਇਸ ਲਈ ਇਹ ਹੀ ਇੱਕੋ ਇੱਕ ਸਿੱਟਾ ਕਾਢੀਆ ਜਾ ਸਕਦਾ ਹੈ ।

ਚੰਗੀ ਤਰ੍ਹਾਂ (ਚੀਨੀ) ਸਿਖਲਾਈ ਪ੍ਰਾਪਤ ਗਾਈਡਾਂ ਦੇ ਨਾਲ, ਬੇਚਾਰੇ ਸੈਲਾਨੀ ਇਨ੍ਹਾਂ ਚੀਜ਼ਾਂ ਬਾਰੇ ਸੱਚਾਈ ਜਾਣਨ ਦੇ ਯੋਗ ਨਹੀਂ ਹੁੰਦੇ। ਅਤੇ ਜੇਕਰ ਪੁੱਛਿਆ ਜਾਵੇ ਕਿ ਇੰਨਾ ਜ਼ਿਆਦਾ ਬਹਾਲੀ ਦਾ ਕੰਮ ਕਿਉਂ ਕੀਤਾ ਜਾ ਰਿਹਾ ਹੈ, ਤਾਂ ਉਹ ਅਫਸੋਸ ਨਾਲ ਦੱਸਦੇ ਹਨ ਕਿ ਸੱਭਿਆਚਾਰਕ ਇਨਕਲਾਬ ਦੀਆਂ ਵਧੀਕੀਆਂ ਤਿੱਬਤ ਤੱਕ ਵੀ ਪਹੁੰਚ ਗਈਆਂ ਸਨ ਅਤੇ ਚੀਨੀ ਲੋਕ ਚੰਡਾਲ-ਗੈਂਗ ਦੇ ਸ਼ਾਸਨ ਦੌਰਾਨ ਜੋ ਕੁਝ ਹੋਇਆ ਸੀ, ਉਸ ਦੀ ਭਰਪਾਈ ਲਈ ਸਾਰੇ ਜ਼ਰੂਰੀ ਕਦਮ ਚੁੱਕ ਰਹੇ ਹਨ। ਇਹ ਕਦੇ ਨਹੀਂ ਕਿਹਾ ਜਾਂਦਾ ਕਿ ਜ਼ਿਆਦਾਤਰ ਤਬਾਹੀ ਸੱਭਿਆਚਾਰਕ ਇਨਕਲਾਬ ਤੋਂ ਬਹੁਤ ਪਹਿਲਾਂ ਕੀਤੀ ਗਈ ਸੀ।

216 ਅਜ਼ਾਦ ਸ਼ਰਣਾਰਥੀ

ਇਹ ਬਹੁਤ ਅਫ਼ਸੋਸ ਦੀ ਗੱਲ ਹੈ ਕਿ ਕੁਝ ਯਾਤਰੀਆਂ ਲਈ ਤਿੱਬਤ ਸ਼ਾਇਦ ਸੈਰ-ਸਪਾਟੇ ਦੀ ਜਗ੍ਹਾ ਹੈ। ਪਾਸਪੋਰਟ ਵਿੱਚ ਇੱਕ ਹੋਰ ਮੋਹਰ ਲਗਵਾ ਲਈ, ਚਲੋ ਘੱਟੋ ਘੱਟ ਤਿੱਬਤ ਵੀ ਦੇਖ ਲਿਆ । ਕੋਈ ਆਪਣੀ ਉਤਸੁਕਤਾ ਨੂੰ ਸੰਤੁਸ਼ਟ ਕਰਨ ਲਈ ਕੁਝ ਮੱਠਾਂ ਨੂੰ ਦੇਖਦਾ ਹੈ ਅਤੇ ਜੇਕਰ ਕੋਈ ਸ਼ੱਕ ਹੈ, ਤਾਂ ਇਸਨੂੰ ਰੰਗੀਨ ਕੱਪੜਿਆਂ ਵਿੱਚ ਪਹਿਨੇ ਸ਼ਰਧਾਲੂਆਂ ਦੁਆਰਾ ਵੀ ਦੂਰ ਕਰ ਦਿੱਤਾ ਜਾਂਦਾ ਹੈ। ਪਰ ਇਹ ਜ਼ਿਆਦਾਤਰ ਸੈਲਾਨੀਆਂ ਦੇ ਮਾਮਲੇ ਵਿੱਚ ਸੱਚ ਹੋ ਸਕਦਾ ਹੈ, ਸਾਰਿਆਂ ਲਈ ਨਹੀਂ। ਅਤੇ ਇਹੀ ਉਹ ਗੱਲ ਹੈ ਜਿੱਥੇ ਤਿੱਬਤ ਦੇ ਸੈਰ-ਸਪਾਟੇ ਦਾ ਅਸਲ ਫਾਇਦਾ ਹੈ। ਇਹ ਅਰਥਸ਼ਾਸਤਰ ਜਾਂ ਅੰਕੜਿਆਂ ਬਾਰੇ ਨਹੀਂ ਹੈ, ਸਗੋਂ ਯਾਤਰੀਆਂ ਦੇ ਛੋਟੇ ਪ੍ਰਤੀਸ਼ਤ ਬਾਰੇ ਹੈ ਜਿਨ੍ਹਾਂ ਕੋਲ ਅਸਲ ਕਲਪਨਾ ਅਤੇ ਉਤਸੁਕਤਾ ਹੈ। ਕੁਝ ਲੋਕ ਆਪਣੇ ਸਾਥੀਆਂ ਤੋਂ

ਖਿਸਕ ਜਾਂਦੇ ਹਨ ਅਤੇ ਉਹ ਚੀਜ਼ਾਂ ਦੇਖਦੇ ਹਨ ਜੋ ਉਨ੍ਹਾਂ ਨੂੰ ਨਹੀਂ ਦੇਖਣੀਆਂ ਚਾਹੀਦੀਆਂ ਅਤੇ ਸਭ ਤੋਂ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਕਰਦੇ ਹਨ ਜੋ ਉਨ੍ਹਾਂ ਨੂੰ ਨਹੀਂ ਪ੍ਰਾਪਤ ਨਹੀਂ ਕਰਨੀ ਚਾਹੀਦੀ ।

1981 ਅਤੇ 1987 ਦੇ ਵਿਚਕਾਰ ਤਿੱਬਤ ਜਾਣ ਵਾਲੇ ਸੈਲਾਨੀਆਂ ਦੀ ਗਿਣਤੀ 1,500 ਤੋਂ ਵਧ ਕੇ 43,000 ਪ੍ਰਤੀ ਸਾਲ ਹੋ ਗਈ। ਅਤੇ ਸਾਨੂੰ ਉਨ੍ਹਾਂ ਲੋਕਾਂ ਤੋਂ ਪਤਾ ਲੱਗਿਆ ਜੋ ਵਾਪਸ ਆਏ ਹਨ ਅਤੇ ਸਾਨੂੰ ਜਲਾਵਤਨੀ ਵਿੱਚ ਮਿਲੇ ਹਨ ਕਿ ਚੀਨ ਦੀ ਕਥਿਤ 'ਲਚਕਪੁਣੇ' ਵਿੱਚ ਕੋਈ ਦਮ ਨਹੀਂ ਹੈ । ਅਤੇ ਭਾਵੇਂ ਲੋਕ ਨਿੱਜੀ ਤੌਰ 'ਤੇ ਸਾਡੇ ਦੇਸ਼ 'ਤੇ ਚੀਨੀ ਕਬਜ਼ੇ ਦਾ ਵਿਰੋਧ ਕਰਦੇ ਹਨ, ਪਰ ਉਹ ਜਨਤਕ ਤੌਰ 'ਤੇ ਅਜਿਹਾ ਕਰਨ ਦੀ ਹਿੰਮਤ ਨਹੀਂ ਕਰਦੇ। ਅਤੇ ਫਿਰ ਜਾਣਕਾਰੀ ਤੱਕ ਉਨ੍ਹਾਂ ਦੀ ਪਹੁੰਚ ਨੂੰ ਨਿਯੰਤਰਿਤ ਕੀਤਾ ਜਾਂਦਾ ਹੈ। ਧਾਰਮਿਕ ਪਾਲਣਾ ਬਾਰੇ ਵੀ ਇਹੀ ਸੱਚ ਹੈ। ਇਹ ਦੇਖਣ ਲਈ ਸਿਰਫ ਇੱਕ ਛੋਟੀ ਜਿਹੀ ਝਾਤ ਮਾਰਨੀ ਪੈਂਦੀ ਹੈ ਕਿ ਤਿੱਬਤ ਇੱਕ ਪੁਲਿਸ ਰਾਜ ਬਣ ਗਿਆ ਹੈ ਜਿੱਥੇ ਲੋਕਾਂ ਨੂੰ ਗੁਲਾਮੀ ਵਿੱਚ ਡਰਾਇਆ ਜਾਂਦਾ ਹੈ। ਇਸ ਤਰ੍ਹਾਂ, ਮਾਓ ਦੀ ਮੌਤ ਤੋਂ ਤੁਰੰਤ ਬਾਅਦ ਅਸਲ ਸੁਧਾਰ ਦੇ ਵਾਅਦੇ ਦੇ ਬਾਵਜੂਦ, ਲੋਕ ਡਰ ਵਿੱਚ ਰਹਿੰਦੇ ਹਨ। ਅਤੇ ਹੁਣ ਉਹ ਚੀਨੀ ਪ੍ਰਵਾਸੀਆਂ ਦੀ ਵਧਦੀ ਆਮਦ ਦੁਆਰਾ ਵਹਿ ਜਾਣ ਦੇ ਖ਼ਤਰੇ ਵਿੱਚ ਹਨ।

ਬਹੁਤ ਸਾਰੇ ਵਾਪਸ ਆਉਣ ਵਾਲੇ ਯਾਤਰੀ ਜਿਨ੍ਹਾਂ ਨੂੰ ਮੈਂ ਮਿਲਿਆ, ਉਨ੍ਹਾਂ ਨੇ ਮੈਨੂੰ ਦੱਸਿਆ ਕਿ ਉਹ ਜਾਣ ਤੋਂ ਪਹਿਲਾਂ ਚੀਨ ਪੱਖੀ ਸਨ ਪਰ ਜੋ ਉਨ੍ਹਾਂ ਨੇ ਉੱਥੇ ਦੇਖਿਆ, ਉਨ੍ਹਾਂ ਦੇ ਵਿਚਾਰ ਬਦਲ ਗਏ ਸਨ। ਇਸੇ ਤਰ੍ਹਾਂ, ਬਹੁਤ ਸਾਰੇ ਲੋਕਾਂ ਨੇ ਕਿਹਾ ਕਿ ਭਾਵੇਂ ਉਹ ਅਸਲ ਵਿੱਚ ਰਾਜਨੀਤੀ ਵਿੱਚ ਦਿਲਚਸਪੀ ਨਹੀਂ ਰੱਖਦੇ ਸਨ, ਪਰ ਹੁਣ ਉਨ੍ਹਾਂ ਨੂੰ ਆਪਣੇ ਵਿਚਾਰ ਬਦਲਣ ਲਈ ਮਜਬੂਰ ਕੀਤਾ ਗਿਆ ਸੀ। ਮੈਨੂੰ ਇੱਕ ਨਾਰਵੇਈਅਨ ਯਾਦ ਹੈ ਜਿਸਨੇ ਮੈਨੂੰ ਦੱਸਿਆ ਕਿ ਉਸਨੇ ਸ਼ੁਰੂ ਵਿੱਚ ਧਰਮ ਦੇ ਵਿਨਾਸ਼ ਲਈ ਚੀਨੀਆਂ ਦੀ ਪ੍ਰਸ਼ੰਸਾ ਕੀਤੀ ਸੀ। ਪਰ ਹੁਣ, ਲਹਾਸਾ ਤੋਂ ਆਪਣੀ ਦੂਜੀ ਵਾਪਸੀ 'ਤੇ, ਉਸਨੇ ਉੱਥੇ ਕੀ ਹੋ ਰਿਹਾ ਸੀ, ਦੇਖਿਆ ਸੀ। ਉਸਨੇ ਪੁੱਛਿਆ, "ਸਾਨੂੰ ਤੁਹਾਡੇ ਲੋਕਾਂ ਦੀ ਮਦਦ ਕਰਨ ਲਈ ਕੀ ਕਰਨਾ ਚਾਹੀਦਾ ਹੈ?" ਮੈਂ ਉਸਨੂੰ ਉਹੀ ਜਵਾਬ ਦਿੱਤਾ ਜੋ ਮੈਂ ਤਿੱਬਤ ਤੋਂ ਵਾਪਸ ਆਉਣ ਤੋਂ ਬਾਅਦ ਮੈਨੂੰ ਸਵਾਲ ਪੁੱਛਣ ਵਾਲਿਆਂ ਨੂੰ ਦਿੰਦਾ ਹਾਂ: ਕਿ ਉਹ ਜੋ ਸਭ ਤੋਂ ਵਧੀਆ ਕੰਮ ਕਰ ਸਕਦਾ ਹੈ ਉਹ ਹੈ ਵੱਧ ਤੋਂ

ਵੱਧ ਲੋਕਾਂ ਨੂੰ ਉਸ ਸੱਚਾਈ ਬਾਰੇ ਦੱਸਣਾ ਜੋ ਉਸਨੇ ਦੇਖੀ ਹੈ। ਇਸ ਤਰ੍ਹਾਂ ਤਿੱਬਤ ਦੀ ਦੁਰਦਸ਼ਾ ਬਾਰੇ ਦੁਨੀਆ ਦਾ ਗਿਆਨ ਹੌਲੀ-ਹੌਲੀ ਵਧੇਗਾ।

ਜਦੋਂ ਮੈਂ ਸਤੰਬਰ 1983 ਵਿੱਚ ਤਿੱਬਤ ਅਤੇ ਚੀਨ ਵਿੱਚ ਦਮਨ ਦੀ ਇੱਕ ਨਵੀਂ ਲਹਿਰ ਬਾਰੇ ਸੁਣਿਆ, ਜੋ ਮੈਂ ਨਵੇਂ ਆਏ ਲੋਕਾਂ ਅਤੇ ਵਾਪਸ ਆਏ ਸੈਲਾਨੀਆਂ ਤੋਂ ਸੁਣਿਆ ਸੀ, ਤਾਂ ਮੈਨੂੰ ਕੋਈ ਖਾਸ ਹੈਰਾਨੀ ਨਹੀਂ ਹੋਈ।

ਸ਼ਾਂਤੀ ਲਈ ਕੋਸ਼ਿਸ਼ 217

ਲਹਾਸਾ, ਸ਼ਿਗਾਤਸੇ ਅਤੇ ਗਿਆਂਤਸੇ ਵਿੱਚ ਫਾਂਸੀ ਦੀਆਂ ਰਿਪੋਰਟਾਂ ਆਈਆਂ, ਅਤੇ ਚਾਮਡੋ ਅਤੇ ਕਾਰਜ਼ੇ ਵਿੱਚ ਹੋਰ ਗ੍ਰਿਫ਼ਤਾਰੀਆਂ ਹੋਈਆਂ। ਜ਼ਾਹਰ ਤੌਰ 'ਤੇ ਇਹ "ਅਪਰਾਧੀਆਂ ਜਾਂ ਸਮਾਜ ਵਿਰੋਧੀ ਤੱਤਾਂ" ਦੇ ਵਿਰੁੱਧ ਸਨ, ਪਰ ਸਪੱਸ਼ਟ ਤੌਰ 'ਤੇ ਉਹ ਅਸੰਤੁਸ਼ਟਾਂ ਦੇ ਵਿਰੁੱਧ ਸਨ। ਪਰ ਭਾਵੇਂ ਇਹ ਚੀਨੀ ਅਧਿਕਾਰੀਆਂ ਦੇ ਰਵੱਈਏ ਨੂੰ ਸਖ਼ਤ ਕਰਦਾ ਜਾਪਦਾ ਸੀ, ਖ਼ਬਰਾਂ ਦਾ ਇੱਕ ਸਕਾਰਾਤਮਕ ਪਹਿਲੂ ਸੀ। ਪਹਿਲੀ ਵਾਰ, ਅੰਤਰਰਾਸ਼ਟਰੀ ਪ੍ਰੈਸ ਤਿੱਬਤ ਵਿੱਚ ਚੀਨੀ ਗਤੀਵਿਧੀਆਂ ਬਾਰੇ ਰਿਪੋਰਟਿੰਗ ਕਰ ਰਿਹਾ ਸੀ। ਪ੍ਰੈਸ ਨੂੰ ਹਾਲ ਹੀ ਵਿੱਚ ਤਿੱਬਤ ਵਿੱਚ ਪੱਤਰਕਾਰ ਭੇਜਣ ਦੀ ਇਜਾਜ਼ਤ ਦਿੱਤੀ ਗਈ ਸੀ।

ਸ਼ਰਨਾਰਥੀ ਤਿੱਬਤੀਆਂ ਨੇ, ਇਹ ਮਹਿਸੂਸ ਕਰਦੇ ਹੋਏ ਕਿ ਇਹ ਨਵੀਨ ਦਹਿਸ਼ਤ ਵੀ ਮਾਓ ਯੁੱਗ ਦੇ ਪੁਰਾਣੇ ਸਖ਼ਤ ਤਰੀਕਿਆਂ ਵੱਲ ਵਾਪਸੀ ਦਾ ਸੰਕੇਤ ਦਿੰਦੀ ਹੈ, ਜ਼ੋਰਦਾਰ ਵਿਰੋਧ ਕੀਤਾ। ਦਿੱਲੀ ਅਤੇ ਦੇਸ਼ ਭਰ ਵਿੱਚ ਸ਼ਰਨਾਰਥੀ ਬਸਤੀਆਂ ਵਿੱਚ ਵੱਡੇ ਪੱਧਰ 'ਤੇ ਪ੍ਰਦਰਸ਼ਨ ਹੋਏ। ਮੈਨੂੰ ਇਹ ਨਿਰਣਾ ਕਰਨਾ ਬਹੁਤ ਜਲਦੀ ਲੱਗਿਆ ਕਿ ਕੀ ਇਹ ਬੇਰਹਿਮੀ ਡੇਂਗ ਜ਼ਿਆਓਪਿੰਗ ਸ਼ਾਸਨ ਦੇ ਵਿਰੁੱਧ ਕੱਟੜਪੰਥੀਆਂ ਦੁਆਰਾ ਜਵਾਬੀ ਹਮਲਾ ਸੀ ਜਾਂ ਕੀ ਤਿੱਬਤ ਹਨੇਰੇ ਵਿੱਚ ਵਾਪਸ ਖਿਸਕ ਰਿਹਾ ਸੀ। ਪਰ ਇਹ ਸਪੱਸ਼ਟ ਸੀ ਕਿ ਮੇਰੀ ਯਾਤਰਾ ਦੀ " ਪਹਿਲੀ ਪਾਰਟੀ" ਹੁਣ ਨਹੀਂ ਜਾ ਸਕਦੀ ਸੀ। ਇਸ ਲਈ ਮੈਂ ਯਾਤਰਾ ਵੀ ਨਹੀਂ ਕਰ ਸਕਦਾ ਸੀ।

ਮਈ 1984 ਤੱਕ ਇਹ ਸਪੱਸ਼ਟ ਹੋ ਗਿਆ ਕਿ ਤਿੱਬਤ ਪ੍ਰਤੀ ਚੀਨੀ ਨੀਤੀ ਵਿੱਚ ਸੱਚਮੁੱਚ ਇੱਕ ਵੱਡਾ ਬਦਲਾਅ ਆਇਆ ਹੈ। ਹੂ ਯਾਓਬਾਂਗ ਦੇ ਤਿੱਬਤ ਵਿੱਚ ਚੀਨੀ ਕਾਮਿਆਂ ਦੀ ਗਿਣਤੀ 85 ਪ੍ਰਤੀਸ਼ਤ ਘਟਾਉਣ ਦੇ ਵਾਅਦੇ ਦੇ ਉਲਟ, ਚੀਨੀਆਂ ਨੂੰ ਤਿੱਬਤ ਵਿੱਚ ਵਸਣ ਲਈ ਉਤਸ਼ਾਹਿਤ ਕਰਨ ਲਈ ਇੱਕ ਵਿਸ਼ਾਲ ਯਤਨ ਕੀਤਾ ਗਿਆ। 'ਵਿਕਾਸ' ਦੇ ਨਾਮ 'ਤੇ 60,000 ਸਿਖਲਾਈ ਪ੍ਰਾਪਤ ਅਤੇ ਗੈਰ-ਸਿਖਿਅਤ ਕਾਮਿਆਂ ਨੂੰ ਕੰਮ ਸ਼ੁਰੂ ਕਰਨ ਲਈ ਭਰਤੀ ਕੀਤਾ ਗਿਆ ਸੀ ਅਤੇ ਉਨ੍ਹਾਂ ਨੂੰ ਵਿੱਤੀ ਗਾਰੰਟੀ, ਘਰ ਬਣਾਉਣ ਵਿੱਚ ਸਹਾਇਤਾ ਅਤੇ ਛੁੱਟੀਆਂ ਦੌਰਾਨ ਘਰ ਜਾਣ ਲਈ ਤਨਖਾਹ ਵਾਲੀ ਛੁੱਟੀ ਦਾ ਵਾਅਦਾ ਕੀਤਾ ਗਿਆ ਸੀ। ਉਸੇ ਸਮੇਂ, ਚੀਨ ਦੇ ਅੰਦਰ ਯਾਤਰਾ ਪਾਬੰਦੀਆਂ ਵਿੱਚ ਢਿੱਲ ਦੇ ਕਾਰਨ, ਬਹੁਤ ਸਾਰੇ ਹੋਰ ਲੋਕ ਕੰਮ ਲੱਭਣ ਦੀ ਸੰਭਾਵਨਾ ਕਰਕੇ ਵੀ ਆਏ। ਇਸ ਤਰ੍ਹਾਂ, ਤਿੱਬਤੀ ਕਹਾਵਤ ਦੇ ਅਨੁਸਾਰ ਕਿ 'ਜਿੱਥੇ ਵੀ ਇੱਕ ਚੀਨੀ ਹੋਵੇਗਾ, ਉਸ ਪਿਛੇ ਦਸ ਲੋਕ ਆਉਣਗੇ', ਇੱਕ ਵੱਡੀ ਭੀੜ ਚਲੀ ਆਈ ਅਤੇ ਅਜੇ ਵੀ ਆਉਂਣਾ ਜਾਰੀ ਹੈ।

ਉਸ ਸਾਲ ਦੀ ਪਤਝੜ ਦੇ ਆਖਰੀ ਦਿਨਾਂ ਵਿੱਚ, ਸ਼੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਕਰ ਦਿੱਤੀ ਗਈ ਅਤੇ ਤਿੱਬਤੀਆਂ ਨੇ ਇੱਕ ਸੱਚਾ ਦੋਸਤ ਗੁਆ ਦਿੱਤਾ। ਲੰਡਨ ਤੋਂ ਦਿੱਲੀ ਆਉਂਦੇ ਸਮੇਂ ਜਦੋਂ ਮੈਂ ਇਹ ਖ਼ਬਰ ਸੁਣੀ ਤਾਂ ਮੈਨੂੰ ਬਹੁਤ ਧੱਕਾ ਲੱਗਾ। ਉਸੇ ਦਿਨ ਮੈਂ ਉਸਦੇ ਅਤੇ ਜੇ. ਕ੍ਰਿਸ਼ਨਾਮੂਰਤੀ ਨਾਲ ਦੁਪਹਿਰ ਦਾ ਖਾਣਾ ਖਾਣ ਵਾਲਾ ਸੀ। ਉਸਦੇ ਪੁੱਤਰ ਰਾਜੀਵ ਨੇ ਉਸਦੀ ਜਗ੍ਹਾ ਲੈ ਲਈ। ਇੱਕ ਨੌਜਵਾਨ ਨੇਤਾ ਦੇ ਤੌਰ 'ਤੇ ਉਹ ਆਪਣੇ ਦੇਸ਼ ਲਈ ਕੁਝ ਕਰਨ ਅਤੇ ਤਿੱਬਤੀ ਜਲਾਵਤਨ ਭਾਈਚਾਰੇ ਲਈ ਜੋ ਵੀ ਕਰ ਸਕਦਾ ਸੀ, ਕਰਨ ਲਈ ਦ੍ਰਿੜ ਸੀ।

ਰਾਜੀਵ ਗਾਂਧੀ ਇੱਕ ਦੋਸਤਾਨਾ, ਨਿਮਰ ਆਦਮੀ ਹੈ ਜਿਸਦਾ ਦਿਲ ਬਹੁਤ ਚੰਗਾ ਹੈ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਜਦੋਂ ਮੈਂ ਉਸਨੂੰ ਪਹਿਲੀ ਵਾਰ 1956 ਵਿੱਚ ਭਾਰਤ ਦੀ ਆਪਣੀ ਫੇਰੀ ਦੌਰਾਨ ਦੇਖਿਆ ਸੀ, ਜਦੋਂ ਮੈਨੂੰ ਉਸਦੇ ਦਾਦਾ ਪੰਡਿਤ ਨਹਿਰੂ ਦੇ ਘਰ ਦੁਪਹਿਰ ਦੇ ਖਾਣੇ ਲਈ ਸੱਦਾ ਦਿੱਤਾ ਗਿਆ ਸੀ। ਜਦੋਂ ਪ੍ਰਧਾਨ ਮੰਤਰੀ ਮੈਨੂੰ ਆਪਣਾ ਬਾਗ਼ ਦਿਖਾ ਰਹੇ ਸਨ ਤਾਂ ਮੈਂ ਦੋ ਛੋਟੇ ਬੱਚਿਆਂ ਨੂੰ ਇੱਕ ਤੰਬੂ ਦੇ ਨੇੜੇ ਵੱਡੇ ਪਟਾਕਿਆਂ ਨਾਲ ਖੇਡਦੇ ਦੇਖਿਆ। ਉਹ ਆਤਿਸ਼ਬਾਜ਼ੀਆਂ ਨੂੰ ਅਸਮਾਨ ਵਿੱਚ ਛੱਡਣ ਦੀ ਅਸਫਲ ਕੋਸ਼ਿਸ਼ ਕਰ ਰਹੇ ਸਨ।

218 ਅਜ਼ਾਦ ਸ਼ਰਨਾਰਥੀ

ਬੱਚੇ ਰਾਜੀਵ ਅਤੇ ਉਸਦਾ ਛੋਟਾ ਭਰਾ ਸੰਜੇ ਸਨ। ਹਾਲ ਹੀ ਵਿੱਚ ਰਾਜੀਵ ਨੇ ਮੈਨੂੰ ਯਾਦ ਦਿਵਾਇਆ ਕਿ ਮੈਂ ਉਨ੍ਹਾਂ ਦੋਵਾਂ ਨੂੰ ਤੰਬੂ ਦੇ ਅੰਦਰ ਬੰਨ੍ਹ ਦਿੱਤਾ ਸੀ ਅਤੇ ਉਨ੍ਹਾਂ ਨੂੰ ਬਹੁਤ ਮਜਾ ਆਇਆ ।

ਇੱਕ ਸਾਲ ਵੀ ਨਹੀਂ ਹੋਇਆ ਸੀ ਕਿ ਲੋਬਸਾਂਗ ਸੈਮਟੇਨ ਦੀ ਮੌਤ ਨਾਲ, ਤਿੱਬਤੀਆਂ ਨੇ ਇੱਕ ਮਹਾਨ ਸਮਰਥਕ ਗੁਆ ਦਿੱਤਾ। ਉਹ ਸਿਰਫ਼ 54 ਸਾਲ ਦੇ ਸਨ। ਹਾਲਾਂਕਿ ਮੈਂ ਬਹੁਤ ਦੁਖੀ ਸੀ, ਇੱਕ ਤਰ੍ਹਾਂ ਨਾਲ ਮੈਂ ਬਹੁਤ ਹੈਰਾਨ ਨਹੀਂ ਸੀ। ਪਹਿਲੇ ਤੱਥ-ਖੋਜ ਮਿਸ਼ਨ ਦੇ ਮੈਂਬਰ ਵਜੋਂ ਉਸਦੇ ਤਜ਼ਰਬਿਆਂ ਨੇ ਉਸ 'ਤੇ ਡੂੰਘਾ ਪ੍ਰਭਾਵ ਪਾਇਆ ਸੀ। ਉਹ ਤਿੱਬਤ ਪ੍ਰਤੀ ਚੀਨ ਦੀ ਉਦਾਸੀਨਤਾ ਨੂੰ ਨਹੀਂ ਸਮਝ ਸਕਿਆ, ਭਾਵੇਂ ਕਿ ਤਿੱਬਤੀ ਲੋਕਾਂ ਦਾ ਦੁੱਖ ਅਤੇ ਨਾਖੁਸ਼ੀ ਸਪੱਸ਼ਟ ਸੀ। ਉਹ ਪਹਿਲਾਂ ਹੱਸਦਾ ਅਤੇ ਮਜ਼ਾਕ ਕਰਦਾ ਸੀ (ਉਸਨੂੰ ਉੱਚ-ਦਰਜੇ ਦੇ ਅਤੇ ਅਸ਼ਲੀਲ ਮਜ਼ਾਕ ਕਰਨ ਦੀ ਆਦਤ ਸੀ) ਅਤੇ ਫਿਰ ਲੰਬੇ, ਡੂੰਘੇ ਦੁੱਖ ਵਿੱਚ ਚਲਾ ਜਾਂਦਾ ਸੀ। ਮੈਨੂੰ ਇਹ ਕਹਿਣਾ ਅਤਿਕਥਨੀ ਨਹੀਂ ਲੱਗਦਾ ਕਿ ਉਸਦੀ ਮੌਤ ਦਿਲ ਟੁੱਟਣ ਨਾਲ ਹੋਈ।

ਮੈਨੂੰ ਲੋਬਸਾਂਗ ਸੈਮਟੇਨ ਦੀ ਮੌਤ ਦਾ ਬਹੁਤ ਦੁੱਖ ਹੋਇਆ, ਨਾ ਸਿਰਫ਼ ਇਸ ਲਈ ਕਿਉਂਕਿ ਅਸੀਂ ਇੰਨੇ ਨੇੜੇ ਸੀ, ਸਗੋਂ ਇਸ ਲਈ ਵੀ ਕਿਉਂਕਿ ਮੈਂ ਉਸਦੀ ਘਾਤਕ ਬਿਮਾਰੀ ਦੌਰਾਨ ਉਸਦੇ ਨਾਲ ਨਹੀਂ ਰਹਿ ਸਕਿਆ। ਆਖਰੀ ਵਾਰ ਜਦੋਂ ਮੈਂ ਉਸਨੂੰ ਮਿਲਿਆ ਸੀ ਤਾਂ ਉਹ ਦਿੱਲੀ ਵਿੱਚ ਸੀ, ਜਿੱਥੇ ਉਹ ਤਿੱਬਤੀ ਮੈਡੀਕਲ ਇੰਸਟੀਚਿਊਟ ਦੇ ਡਾਇਰੈਕਟਰ ਵਜੋਂ ਕਿਸੇ ਕੰਮ ਲਈ ਆਇਆ ਸੀ। ਆਪਣੀ ਪਤਨੀ ਨਾਲ ਬੱਸ ਰਾਹੀਂ ਧਰਮਸ਼ਾਲਾ ਵਾਪਸ ਜਾਣ ਦੀ ਬਜਾਏ, ਉਸਨੇ ਆਪਣੇ ਕੰਮ ਲਈ ਇੱਕ ਦਿਨ ਹੋਰ ਰੁਕਣ ਦਾ ਫੈਸਲਾ ਕੀਤਾ। ਫਿਰ ਉਹ ਮੇਰੇ ਨਾਲ ਵਾਪਸ ਚਲਾ ਜਾਵੇਗਾ। ਪਰ ਸਟੇਸ਼ਨ ਪਹੁੰਚਣ 'ਤੇ ਉਸਨੇ ਆਪਣਾ ਮਨ ਬਦਲ ਲਿਆ। ਕਿਉਂਕਿ ਉਸਦਾ ਕੰਮ ਪੂਰਾ ਨਹੀਂ ਹੋਇਆ ਸੀ, ਉਸਨੇ ਫੈਸਲਾ ਕੀਤਾ ਕਿ ਉਸਨੂੰ ਵਾਪਸ ਰਹਿਣਾ ਚਾਹੀਦਾ ਹੈ ਭਾਵੇਂ ਉਸਨੂੰ ਘਰ ਜਾਣ ਲਈ ਸਵਾਰੀ ਮਿਲਦੀ ਸੀ। ਇਹ ਉਸਦੀ ਆਦਤ ਸੀ। ਉਸਨੇ ਕਦੇ ਵੀ ਆਪਣੇ ਹਿੱਤਾਂ ਨੂੰ ਪਹਿਲ ਨਹੀਂ ਦਿੱਤੀ। ਇੱਕ ਦਿਨ ਬਾਅਦ ਉਸਨੂੰ ਫਲੂ ਹੋ ਗਿਆ। ਇਹ ਪੀਲੀਆ ਅਤੇ ਨਮੂਨੀਆ ਵਿੱਚ ਬਦਲ ਗਿਆ ਅਤੇ ਤਿੰਨ ਹਫ਼ਤਿਆਂ ਦੇ ਅੰਦਰ ਉਸਦੀ ਮੌਤ ਹੋ ਗਈ।

ਅੱਜ ਜਦੋਂ ਮੈਂ ਲੋਬਸਾਂਗ ਬਾਰੇ ਸੋਚਦਾ ਹਾਂ, ਤਾਂ ਮੈਨੂੰ ਉਸਦੀ ਨਿਮਰਤਾ ਯਾਦ ਆਉਂਦੀ ਹੈ। ਉਹ ਮੇਰੇ ਨਾਲ ਕਿਸੇ ਵੀ ਆਮ ਤਿੱਬਤੀ ਵਾਂਗ ਹੀ ਸਤਿਕਾਰ ਨਾਲ ਪੇਸ਼ ਆਉਂਦਾ ਸੀ ਅਤੇ ਜਦੋਂ ਵੀ ਮੈਂ ਵਾਪਸ ਆਉਂਦਾ ਸੀ ਜਾਂ ਕਿਸੇ ਯਾਤਰਾ 'ਤੇ ਜਾਣ ਵਾਲਾ ਹੁੰਦਾ ਸੀ, ਤਾਂ ਉਹ ਮੇਰਾ ਸਵਾਗਤ ਕਰਨ ਜਾਂ ਯਾਤਰਾ ਦਲਾਈ ਸ਼ੁਭਕਾਮਨਾਵਾਂ ਦੇਣ ਲਈ ਮੇਰੇ ਘਰ ਦੇ ਗੇਟ 'ਤੇ ਦੂਜਿਆਂ ਨਾਲ ਲਾਈਨ ਵਿੱਚ ਖੜ੍ਹਾ ਹੋ ਜਾਂਦਾ ਸੀ। ਉਹ ਨਾ ਸਿਰਫ਼ ਨਿਮਰ ਸੀ ਸਗੋਂ ਬਹੁਤ ਹੀ ਉਦਾਰ ਵੀ ਸੀ। ਮੈਨੂੰ ਯਾਦ ਹੈ ਕਿ ਇੱਕ ਵਾਰ ਕਿਸੇ ਨੇ ਉਸਨੂੰ ਪੂਰਬੀ ਭਾਰਤ ਵਿੱਚ ਉੜੀਸਾ ਵਿੱਚ ਇੱਕ ਕੋੜ੍ਹੀ ਬਸਤੀ ਬਾਰੇ ਦੱਸਿਆ ਸੀ। ਮੇਰੇ ਵਾਂਗ, ਉਹ ਦੂਜਿਆਂ ਦੀ ਰਾਹਤ ਲਈ ਸਮਰਪਿਤ ਕਿਸੇ ਵੀ ਤਰ੍ਹਾਂ ਦੇ ਕੰਮ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ। ਇਸ ਲਈ ਜਦੋਂ ਮੈਂ ਉਸਨੂੰ ਦੱਸਿਆ ਕਿ ਮੈਂ ਸੋਚ ਰਿਹਾ ਸੀ ਕਿ ਕੀ ਜਲਾਵਤਨੀ ਵਿੱਚ ਤਿੱਬਤੀ ਭਾਈਚਾਰਾ ਉਸਦੀ ਮਦਦ ਲਈ ਕੁਝ ਕਰ ਸਕਦਾ ਹੈ, ਤਾਂ ਉਹ ਬਹੁਤ ਪ੍ਰਭਾਵਿਤ ਹੋਇਆ। ਇਸ ਲਈ ਉਹ ਰੋਣ ਲੱਗ ਪਿਆ ਅਤੇ ਕਿਹਾ ਕਿ ਉਹ ਜੋ ਵੀ ਕਰ ਸਕਦਾ ਹੈ ਕਰਨ ਲਈ ਤਿਆਰ ਹੈ।

1979, 1981 ਅਤੇ 1984 ਵਿੱਚ ਅਮਰੀਕਾ ਦੇ ਮੇਰੇ ਦੌਰਿਆਂ ਤੋਂ ਬਾਅਦ, ਉਸ ਦੇਸ਼ ਦੇ ਬਹੁਤ ਸਾਰੇ ਲੋਕਾਂ ਨੇ ਤਿੱਬਤ ਲਈ ਕੁਝ ਕਰਨ ਦੀ ਇੱਛਾ ਪ੍ਰਗਟ ਕੀਤੀ। ਇਸਦੇ ਸਿੱਧੇ ਨਤੀਜੇ ਵਜੋਂ, ਅਮਰੀਕੀ ਕਾਂਗਰਸ ਵਿੱਚ ਇੱਕ ਬਿੱਲ ਪਾਸ ਹੋਇਆ।

ਸ਼ਾਂਤੀ ਲਈ ਕੋਸ਼ਿਸ਼ - 219

91 ਮੈਂਬਰਾਂ ਨੇ ਬੀਜਿੰਗ ਵਿੱਚ ਪੀਪਲਜ਼ ਅਸੈਂਬਲੀ ਦੇ ਉਸ ਸਮੇਂ ਦੇ ਪ੍ਰਧਾਨ ਲੀ ਜ਼ਿਆਨਯਾਂਗ ਨੂੰ ਇੱਕ ਦਸਤਖਤ ਕੀਤਾ ਪੱਤਰ ਭੇਜਿਆ, ਜਿਸ ਵਿੱਚ ਚੀਨੀ ਸਰਕਾਰ ਅਤੇ ਮੇਰੇ ਪ੍ਰਤੀਨਿਧੀਆਂ ਵਿਚਕਾਰ ਸਿੱਧੀ ਗੱਲਬਾਤ ਦਾ ਸਮਰਥਨ ਕੀਤਾ ਗਿਆ। ਪੱਤਰ ਵਿੱਚ ਚੀਨੀ ਸਰਕਾਰ ਨੂੰ "ਪਰਮ ਪਵਿੱਤਰ ਦਲਾਈ ਲਾਮਾ ਅਤੇ ਉਨ੍ਹਾਂ ਦੇ ਲੋਕਾਂ ਦੀਆਂ ਜਾਇਜ਼ ਇੱਛਾਵਾਂ ਅਤੇ ਵਾਜਬ ਉਮੀਦਾਂ 'ਤੇ ਹਰ ਤਰ੍ਹਾਂ ਨਾਲ ਵਿਚਾਰ ਕਰਨ" ਲਈ ਕਿਹਾ ਗਿਆ ਸੀ।

ਇਹ ਤੱਥ ਕਿ ਤਿੱਬਤ ਨੂੰ ਪਹਿਲੀ ਵਾਰ ਰਸਮੀ ਰਾਜਨੀਤਿਕ ਸਮਰਥਨ ਮਿਲਿਆ ਸੀ, ਮੇਰੇ ਲਈ, ਇੱਕ ਉਤਸ਼ਾਹਜਨਕ ਸੰਕੇਤ ਸੀ ਕਿ ਸਾਡੀ ਸਥਿਤੀ ਦੀ ਜਾਇਜ਼ਤਾ ਨੂੰ ਅੰਤ ਵਿੱਚ ਅੰਤਰਰਾਸ਼ਟਰੀ ਮਾਨਤਾ ਮਿਲਣੀ ਸ਼ੁਰੂ ਹੋ ਗਈ ਸੀ। ਇਸਦਾ ਹੋਰ ਸਬੂਤ ਦੂਜੇ ਦੇਸ਼ਾਂ ਵਿੱਚ ਦਿਲਚਸਪੀ ਦੀ ਲਹਿਰ ਹੈ ਜਿਨ੍ਹਾਂ ਨੇ ਇਸੇ ਤਰ੍ਹਾਂ ਦੇ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ।

ਫਿਰ 1987 ਦੇ ਸ਼ੁਰੂ ਵਿੱਚ ਮੈਨੂੰ ਵਾਸ਼ਿੰਗਟਨ (ਡੀਸੀ) ਵਿੱਚ ਅਮਰੀਕੀ ਕਾਂਗਰਸ ਦੇ ਮਨੁੱਖੀ ਅਧਿਕਾਰਾਂ ਦੇ ਕਾਕਸ ਨੂੰ ਸੰਬੋਧਨ ਕਰਨ ਲਈ ਸੱਦਾ ਦਿੱਤਾ ਗਿਆ ਸੀ, ਜਿਸਨੂੰ ਮੈਂ ਖੁਸ਼ੀ ਨਾਲ ਸਵੀਕਾਰ ਕਰ ਲਿਆ। ਪਤਝੜ ਦੌਰਾਨ ਯਾਤਰਾ ਦੀ ਮਿਤੀ ਨਿਰਧਾਰਤ ਕੀਤੀ ਗਈ ਸੀ। ਇਸ ਦੌਰਾਨ ਮੇਰੇ ਕਈ ਪੁਰਾਣੇ ਦੋਸਤਾਂ ਨੇ ਸੁਝਾਅ ਦਿੱਤਾ ਕਿ ਮੈਨੂੰ ਤਿੱਬਤੀ ਪੱਖ ਲਈ ਕੁਝ ਟੀਚਿਆਂ ਨੂੰ ਅੱਗੇ ਵਧਾਉਣ ਦੇ ਮੌਕੇ ਦਾ ਫਾਇਦਾ ਉਠਾਉਣਾ ਚਾਹੀਦਾ ਹੈ, ਜੋ ਦੁਨੀਆ ਭਰ ਦੇ ਨਿਆਂ ਦੇ ਸਮਰਥਕਾਂ ਨੂੰ ਜਾਣੂ ਕਰਵਾਏਗਾ। ਮੈਨੂੰ ਸਲਾਹ ਪਸੰਦ ਆਈ ਅਤੇ ਮੈਂ ਕੁਝ ਸਾਲਾਂ ਤੋਂ ਮੇਰੇ ਮਨ ਵਿੱਚ ਵਿਚਾਰ ਤਿਆਰ ਕਰਨੇ ਸ਼ੁਰੂ ਕਰ ਦਿੱਤੇ।

ਸੰਯੁਕਤ ਰਾਜ ਅਮਰੀਕਾ ਜਾਣ ਤੋਂ ਠੀਕ ਪਹਿਲਾਂ, ਕਾਂਗਰਸ ਨੇ ਤਿੱਬਤ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਇੱਕ ਰਿਪੋਰਟ ਪ੍ਰਕਾਸ਼ਿਤ ਕੀਤੀ। ਇਸ ਵਿੱਚ ਦੱਸਿਆ ਗਿਆ ਸੀ ਕਿ ਰਾਸ਼ਟਰਪਤੀ ਲੀ ਜ਼ਿਆਨਯਾਂਗ ਨੂੰ ਲਿਖੇ ਮੇਰੇ 1985 ਦੇ ਪੱਤਰ ਨੂੰ ਨਜ਼ਰਅੰਦਾਜ਼ ਕੀਤਾ ਗਿਆ ਸੀ: "ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਚੀਨ ਦੇ ਲੋਕ ਗਣਰਾਜ ਨੇ 'ਦਲਾਈ ਲਾਮਾ ਦੀਆਂ ਜਾਇਜ਼ ਤੇ ਵਾਜਬ ਇੱਛਾਵਾਂ' ਵੱਲ ਕੋਈ ਧਿਆਨ ਦਿੱਤਾ ਹੈ।"

ਮੈਂ ਸੰਯੁਕਤ ਰਾਜ ਅਮਰੀਕਾ ਪਹੁੰਚਿਆ ਅਤੇ 21 ਸਤੰਬਰ 1987 ਨੂੰ ਕੈਪੀਟਲ ਹਿੱਲ 'ਤੇ ਇੱਕ ਭਾਸ਼ਣ ਦਿੱਤਾ। ਮੇਰੇ ਦੁਆਰਾ ਦੱਸੇ ਗਏ ਪ੍ਰਸਤਾਵਾਂ ਨੂੰ ਉਦੋਂ ਤੋਂ ਪੰਜ-ਨੁਕਾਤੀ ਸ਼ਾਂਤੀ ਯੋਜਨਾ ਵਜੋਂ ਜਾਣਿਆ ਜਾਂਦਾ ਹੈ। ਪੰਜ ਨੁਕਤੇ ਹਨ:

1. ਪੂਰੇ ਤਿੱਬਤ ਨੂੰ ਸ਼ਾਂਤੀ ਖੇਤਰ ਵਿੱਚ ਬਦਲ ਦਿੱਤਾ ਜਾਣਾ ਚਾਹੀਦਾ ਹੈ।

2. ਚੀਨ ਨੂੰ ਤਿੱਬਤ ਵਿੱਚ ਆਬਾਦੀ ਦੇ ਤਬਾਦਲੇ ਦੀ ਆਪਣੀ ਨੀਤੀ ਨੂੰ ਤਿਆਗ ਦੇਣਾ ਚਾਹੀਦਾ ਹੈ, ਜੋ ਕਿ ਤਿੱਬਤੀ ਲੋਕਾਂ ਦੇ ਮੂਲ ਹੋਂਦ ਲਈ ਖ਼ਤਰਾ ਬਣ ਗਿਆ ਹੈ।

3. ਤਿੱਬਤੀ ਲੋਕਾਂ ਦੇ ਬੁਨਿਆਦੀ ਮਨੁੱਖੀ ਅਧਿਕਾਰਾਂ ਅਤੇ ਜਮਹੂਰੀ ਆਜ਼ਾਦੀਆਂ ਪ੍ਰਤੀ ਸਤਿਕਾਰਯੋਗ ਰਵੱਈਆ ਅਪਣਾਇਆ ਜਾਣਾ ਚਾਹੀਦਾ ਹੈ।

4. ਤਿੱਬਤ ਦੇ ਕੁਦਰਤੀ ਵਾਤਾਵਰਣ ਦੀ ਬਹਾਲੀ ਅਤੇ ਸੁਰੱਖਿਆ, ਅਤੇ ਚੀਨ ਵੱਲੋਂ ਪ੍ਰਮਾਣੂ ਹਥਿਆਰਾਂ ਦੇ ਉਤਪਾਦਨ ਅਤੇ ਤਿੱਬਤ ਵਿੱਚ ਪ੍ਰਮਾਣੂ ਰਹਿੰਦ-ਖੂੰਹਦ ਦੇ ਡੰਪਿੰਗ ਨੂੰ ਰੋਕ ਲੱਗੇ ।

5. ਤਿੱਬਤ ਦੀ ਭਵਿੱਖ ਦੀ ਸਥਿਤੀ ਅਤੇ ਤਿੱਬਤੀਆਂ ਅਤੇ ਚੀਨੀਆਂ ਵਿਚਕਾਰ ਸਬੰਧਾਂ ਬਾਰੇ ਗੰਭੀਰ ਗੱਲਬਾਤ ਸ਼ੁਰੂ ਹੋਣੀ ਚਾਹੀਦੀ ਹੈ।

ਇਹਨਾਂ ਪ੍ਰਸਤਾਵਾਂ ਨੂੰ ਸੰਖੇਪ ਵਿੱਚ ਪੇਸ਼ ਕਰਨ ਤੋਂ ਬਾਅਦ, ਮੈਂ ਦਰਸ਼ਕਾਂ ਨੂੰ ਸਵਾਲ ਪੁੱਛਣ ਲਈ ਕਿਹਾ। ਜਦੋਂ ਮੈਂ ਇਹ ਪ੍ਰਸਤਾਵ ਕਹੇ, ਤਾਂ ਮੈਂ ਕੁਝ ਲੋਕਾਂ ਨੂੰ ਦੇਖਿਆ ਜੋ ਮੇਰੇ ਵੱਲ ਇਸ ਤਰ੍ਹਾਂ ਦੇਖ ਰਹੇ ਸਨ ਜਿਵੇਂ ਉਹ ਚੀਨੀ ਹੋਣ। ਮੈਂ ਉਨ੍ਹਾਂ ਤੋਂ ਪੁੱਛਿਆ ਕਿ ਕੀ ਉਹ ਚੀਨੀ ਹਨ। ਉਹ ਹਾਂ ਕਹਿਣ ਤੋਂ ਪਹਿਲਾਂ ਇੱਕ ਪਲ ਲਈ ਝਿਜਕਦੇ ਸਨ ਅਤੇ ਮੈਨੂੰ ਦੱਸਿਆ ਕਿ ਉਹ ਨਿਊ ਚਾਈਨਾ ਨਿਊਜ਼ ਏਜੰਸੀ, ਸਿਨਹੂਆ ਤੋਂ ਹਨ।

220 ਅਜ਼ਾਦ ਸ਼ਰਨਾਰਥੀ

ਉਦੋਂ ਤੋਂ, ਮੈਂ ਦੇਖਿਆ ਹੈ ਕਿ ਬੀਜਿੰਗ ਹਮੇਸ਼ਾ ਲੋਕਾਂ ਨੂੰ ਮੇਰੀ ਗੱਲ ਨੋਟ ਕਰਨ ਲਈ ਭੇਜਦਾ ਹੈ। ਅਕਸਰ, ਇਹ ਆਦਮੀ ਅਤੇ ਔਰਤਾਂ ਨਿੱਜੀ ਦੋਸਤੀ ਦਿਖਾਉਂਦੇ ਹਨ ਅਤੇ ਬਹੁਤ ਘੱਟ ਨਕਾਰਾਤਮਕ ਜਾਂ ਵਿਅੰਗਮਈ ਹੁੰਦੇ ਹਨ। ਉਨ੍ਹਾਂ ਦੇ ਅਪਰਾਧ ਦੀ ਭਾਵਨਾ ਦਰਸਾਉਂਦੇ ਹਨ ।

ਮੈਂ ਪੰਜ-ਨੁਕਾਤੀ ਸ਼ਾਂਤੀ ਯੋਜਨਾ ਬਾਰੇ ਥੋੜ੍ਹਾ ਹੋਰ ਵਿਸਥਾਰ ਕਰਨਾ ਚਾਹਾਂਗਾ। ਇਸਦਾ ਪਹਿਲਾ ਸਿਧਾਂਤ, ਮੇਰਾ ਪ੍ਰਸਤਾਵ ਕਿ ਪੂਰੇ ਤਿੱਬਤ, ਖਾਮ ਅਤੇ ਅਮਡੋ ਦੇ ਪੂਰਬੀ ਪ੍ਰਾਂਤਾਂ ਸਮੇਤ, ਨੂੰ ਅਹਿੰਸਾ ਦੇ ਖੇਤਰ ਵਿੱਚ ਬਦਲ ਦਿੱਤਾ ਜਾਵੇ, ਇੱਕ ਸ਼ਾਂਤੀਪੂਰਨ ਬੋਧੀ ਰਾਸ਼ਟਰ ਵਜੋਂ ਤਿੱਬਤ ਦੀ ਪਰੰਪਰਾ ਦੇ ਅਨੁਸਾਰ ਹੋਵੇਗਾ। ਇਹ ਨੇਪਾਲ ਦੇ ਆਪਣੇ ਆਪ ਨੂੰ ਸ਼ਾਂਤੀ ਦੇ ਖੇਤਰ ਵਿੱਚ ਬਦਲਣ ਦੇ ਐਲਾਨ ਦੇ ਅਨੁਸਾਰ ਵੀ ਹੋਵੇਗਾ, ਜਿਸਨੂੰ ਪਹਿਲਾਂ ਹੀ ਚੀਨ ਦਾ ਸਮਰਥਨ ਮਿਲ ਚੁੱਕਾ ਹੈ। ਇਸ ਨੂੰ ਲਾਗੂ ਕਰਨ ਨਾਲ ਤਿੱਬਤ ਨੂੰ ਉਪ-ਮਹਾਂਦੀਪ ਦੀਆਂ ਸ਼ਕਤੀਆਂ ਵਿਚਕਾਰ ਇੱਕ 'ਬਫਰ' ਰਾਜ ਵਜੋਂ ਆਪਣੀ ਇਤਿਹਾਸਕ ਭੂਮਿਕਾ ਮੁੜ ਪ੍ਰਾਪਤ ਕਰਨ ਵਿੱਚ ਮਦਦ ਮਿਲੇਗੀ।

ਅਹਿੰਸਾ ਦੇ ਪ੍ਰਸਤਾਵਿਤ ਖੇਤਰ ਦੇ ਮੁੱਖ ਤੱਤ ਇਸ ਪ੍ਰਕਾਰ ਹਨ:

ਪੂਰੇ ਤਿੱਬਤੀ ਪਠਾਰ ਨੂੰ ਗੈਰ-ਫੌਜੀ ਬਣਾਇਆ ਜਾਣਾ ਚਾਹੀਦਾ ਹੈ।

ਤਿੱਬਤੀ ਪਠਾਰ 'ਤੇ ਪ੍ਰਮਾਣੂ ਹਥਿਆਰਾਂ ਅਤੇ ਹੋਰ ਹਥਿਆਰਾਂ ਦੇ ਨਿਰਮਾਣ, ਟੈਸਟਿੰਗ ਅਤੇ ਸਟੋਰੇਜ 'ਤੇ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ।

ਤਿੱਬਤੀ ਪਠਾਰ ਨੂੰ ਦੁਨੀਆ ਦੇ ਸਭ ਤੋਂ ਵੱਡੇ ਕੁਦਰਤੀ ਪਾਰਕ ਵਿੱਚ ਬਦਲਿਆ ਜਾਣਾ ਚਾਹੀਦਾ ਹੈ। ਜੰਗਲੀ ਜੀਵਾਂ ਅਤੇ ਬਨਸਪਤੀ ਦੀ ਸੁਰੱਖਿਆ ਲਈ ਸਖ਼ਤ ਨਿਯਮ ਲਾਗੂ ਕੀਤੇ ਜਾਣੇ ਚਾਹੀਦੇ ਹਨ (ਕੁਦਰਤੀ ਸਰੋਤਾਂ ਦੀ ਲੁੱਟ ਨੂੰ ਧਿਆਨ ਨਾਲ ਕੰਟਰੋਲ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਵਾਤਾਵਰਣ ਨੂੰ ਨੁਕਸਾਨ ਨਾ ਪਹੁੰਚੇ) ਅਤੇ ਆਬਾਦੀ ਵਾਲੇ ਖੇਤਰਾਂ ਵਿੱਚ ਟਿਕਾਊ ਵਿਕਾਸ ਦੀ ਨੀਤੀ ਅਪਣਾਈ ਜਾਣੀ ਚਾਹੀਦੀ ਹੈ।

ਪ੍ਰਮਾਣੂ ਊਰਜਾ ਅਤੇ ਹੋਰ ਤਕਨਾਲੋਜੀਆਂ ਦੇ ਉਤਪਾਦਨ ਅਤੇ ਵਰਤੋਂ ਤੇ ਰੋਕ ਲੱਗੇ ਜੋ ਖਤਰਨਾਕ ਰਹਿੰਦ-ਖੂੰਹਦ ਪੈਦਾ ਕਰਦੀਆਂ ਹਨ।

ਰਾਸ਼ਟਰੀ ਸਰੋਤਾਂ ਅਤੇ ਨੀਤੀ ਨੂੰ ਸ਼ਾਂਤੀ ਅਤੇ ਵਾਤਾਵਰਣ ਸੁਰੱਖਿਆ ਦੇ ਸਰਗਰਮ ਪ੍ਰਚਾਰ ਲਈ ਨਿਰਦੇਸ਼ਤ ਕਰਨਾ । ਤਿੱਬਤ ਵਿੱਚ ਉਨ੍ਹਾਂ ਸੰਸਥਾਵਾਂ ਨੂੰ ਇੱਕ

ਪ੍ਰਮੁੱਖ ਸਥਾਨ ਦੇਣਾ ਜੋ ਸ਼ਾਂਤੀ ਅਤੇ ਸਾਰੀਆਂ ਜੀਵਤ ਚੀਜ਼ਾਂ ਦੀ ਸੁਰੱਖਿਆ ਨੂੰ ਉਤਸ਼ਾਹਿਤ ਕਰਦੀਆਂ ਹਨ।

ਤਿੱਬਤ ਵਿੱਚ ਮਨੁੱਖੀ ਅਧਿਕਾਰਾਂ ਦੇ ਪ੍ਰਚਾਰ ਅਤੇ ਸੁਰੱਖਿਆ ਲਈ ਅੰਤਰਰਾਸ਼ਟਰੀ ਅਤੇ ਖੇਤਰੀ ਸੰਸਥਾਵਾਂ ਦੀ ਸਥਾਪਨਾ ਨੂੰ ਉਤਸ਼ਾਹਿਤ ਕੀਤਾ ਜਾਵੇਗਾ।

ਅਹਿੰਸਾ ਦੇ ਇੱਕ ਖੇਤਰ ਦੀ ਸਥਾਪਨਾ ਨਾਲ ਭਾਰਤ ਤਿੱਬਤ ਨਾਲ ਲੱਗਦੇ ਅਸ਼ਾਂਤ ਸਰਹੱਦੀ ਖੇਤਰਾਂ ਤੋਂ ਆਪਣੀਆਂ ਫੌਜਾਂ ਅਤੇ ਫੌਜੀ ਛਾਉਣੀਆਂ ਹਟਾ ਲਵੇਗਾ । ਇਹ ਸਿਰਫ਼ ਇੱਕ ਅੰਤਰਰਾਸ਼ਟਰੀ ਸਮਝੌਤੇ ਦੇ ਤਹਿਤ ਕੀਤਾ ਜਾਵੇਗਾ ਜੋ ਚੀਨ ਦੀਆਂ ਜਾਇਜ਼ ਸੁਰੱਖਿਆ ਜ਼ਰੂਰਤਾਂ ਨੂੰ ਪੂਰਾ ਕਰੇਗਾ ਅਤੇ ਤਿੱਬਤੀ, ਭਾਰਤੀ ਅਤੇ ਚੀਨੀ ਲੋਕਾਂ ਵਿੱਚ ਆਪਸੀ ਪਿਆਰ ਅਤੇ ਵਿਸ਼ਵਾਸ ਨੂੰ ਉਤਸ਼ਾਹਿਤ ਕਰੇਗਾ। ਇਹ ਪ੍ਰਸਤਾਵ ਸਾਰਿਆਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਬਣਾਇਆ ਗਿਆ ਹੈ, ਖਾਸ ਕਰਕੇ ਚੀਨ ਅਤੇ ਭਾਰਤ, ਕਿਉਂਕਿ ਇਹ ਨਾ ਸਿਰਫ਼ ਉਨ੍ਹਾਂ ਦੀ ਸੁਰੱਖਿਆ ਸਥਿਤੀ ਵਿੱਚ ਸੁਧਾਰ ਕਰੇਗਾ ਬਲਕਿ ਫੌਜੀ ਕਾਰਨਾਂ ਕਰਕੇ ਪੈਦਾ ਹੋਏ ਆਰਥਿਕ ਬੋਝ ਨੂੰ ਵੀ ਘਟਾਏਗਾ।

ਸ਼ਾਂਤੀ ਲਈ ਕੋਸ਼ਿਸ਼ - 221

ਇਤਿਹਾਸਕ ਦ੍ਰਿਸ਼ਟੀਕੋਣ ਤੋਂ, ਚੀਨ ਅਤੇ ਭਾਰਤ ਦੇ ਸਬੰਧਾਂ ਵਿੱਚ ਕਦੇ ਵੀ ਕੋਈ ਤਣਾਅ ਨਹੀਂ ਆਇਆ ਹੈ। ਜਦੋਂ ਚੀਨੀ ਫੌਜਾਂ ਤਿੱਬਤ ਵਿੱਚ ਦਾਖਲ ਹੋਈਆਂ ਤਾਂ ਭਾਰਤ ਅਤੇ ਚੀਨ ਵਿਚਕਾਰ ਇੱਕ ਸਾਂਝੀ ਸਰਹੱਦ ਬਣ ਗਈ । ਦੋਵਾਂ ਦੇਸ਼ਾਂ ਵਿਚਕਾਰ ਤਣਾਅ ਵਧਿਆ, ਜਿਸਦੇ ਨਤੀਜੇ ਵਜੋਂ 1962 ਵਿੱਚ ਜੰਗ ਹੋਈ। ਉਦੋਂ ਤੋਂ, ਅਣਗਿਣਤ ਖਤਰਨਾਕ ਹਾਦਸੇ ਹੋਏ ਹਨ।

ਦੁਨੀਆ ਦੇ ਦੋ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ਾਂ ਵਿਚਕਾਰ ਬਿਹਤਰ ਸਬੰਧ ਸਥਾਪਤ ਕਰਨ ਵਿੱਚ ਇਹ ਬਹੁਤ ਮਦਦਗਾਰ ਹੋਵੇਗਾ ਜੇਕਰ ਉਹ ਇੱਕ ਦੂਜੇ ਤੋਂ ਵੱਖ ਰਹਿ ਸਕਣ - ਜਿਵੇਂ ਕਿ ਉਨ੍ਹਾਂ ਨੇ ਇਤਿਹਾਸ ਦੌਰਾਨ ਇੱਕ ਵੱਡੇ ਅਤੇ ਦੋਸਤਾਨਾ ਬਫਰ ਦੇਸ਼ ਦੇ ਦੋ ਸਿਰਿਆਂ 'ਤੇ ਕੀਤਾ ਹੈ।

ਤਿੱਬਤੀ ਅਤੇ ਚੀਨੀ ਲੋਕਾਂ ਵਿਚਕਾਰ ਸਬੰਧਾਂ ਨੂੰ ਬਿਹਤਰ ਬਣਾਉਣ ਲਈ ਸਭ ਤੋਂ ਪਹਿਲਾਂ ਵਿਸ਼ਵਾਸ ਬਣਾਉਣਾ ਜ਼ਰੂਰੀ ਹੈ। ਪਿਛਲੇ ਤਿੰਨ ਦਹਾਕਿਆਂ ਦੀ ਤਬਾਹੀ ਤੋਂ ਬਾਅਦ, ਇੱਕ ਅਵਿਸ਼ਵਾਸ਼ਯੋਗ 1250,000 ਤਿੱਬਤੀ ਭੁੱਖਮਰੀ, ਫਾਂਸੀ, ਤਸ਼ੱਦਦ ਅਤੇ ਖੁਦਕੁਸ਼ੀ ਕਰਕੇ ਮਰ ਚੁੱਕੇ ਹਨ, ਅਤੇ ਹਜ਼ਾਰਾਂ ਹੋਰ ਜੰਗੀ ਕੈਦੀ ਕੈਂਪਾਂ ਵਿੱਚ ਸੜ ਰਹੇ ਹਨ - ਸੁਲ੍ਹਾ ਦੀ ਅਸਲ ਪ੍ਰਕਿਰਿਆ ਸਿਰਫ ਚੀਨੀ ਫੌਜਾਂ ਦੀ ਵਾਪਸੀ ਨਾਲ ਹੀ ਸ਼ੁਰੂ ਹੋ ਸਕਦੀ ਹੈ। ਤਿੱਬਤ ਵਿੱਚ ਇੰਨੀ ਵੱਡੀ ਚੀਨੀ ਫੌਜ ਦੀ ਮੌਜੂਦਗੀ , ਤਿੱਬਤੀਆਂ ਨੂੰ ਹਰ ਰੋਜ਼ ਤਸੀਹੇ ਅਤੇ ਦਮਨ ਦੀ ਯਾਦ ਦਿਵਾਉਂਦੀ ਹੈ ਜੋ ਉਨ੍ਹਾਂ ਨੇ ਝੱਲਿਆ ਹੈ। ਫੌਜਾਂ ਦੀ ਵਾਪਸੀ ਇੱਕ ਜ਼ਰੂਰੀ ਸੰਕੇਤ ਹੋਵੇਗਾ ਕਿ ਭਵਿੱਖ ਵਿੱਚ ਦੋਸਤੀ ਅਤੇ ਵਿਸ਼ਵਾਸ ਦੇ ਆਧਾਰ 'ਤੇ ਚੀਨੀਆਂ ਨਾਲ ਅਰਥਪੂਰਨ ਸਬੰਧ ਬਣਾਏ ਜਾ ਸਕਦੇ ਹਨ।

ਬਦਕਿਸਮਤੀ ਨਾਲ, ਬੀਜਿੰਗ ਮੇਰੇ ਪ੍ਰਸਤਾਵ ਦੇ ਇਸ ਪਹਿਲੇ ਹਿੱਸੇ ਨੂੰ ਵੱਖ ਹੋਣ ਵੱਲ ਇੱਕ ਕਦਮ ਵਜੋਂ ਦੇਖਦਾ ਹੈ, ਜਦੋਂ ਕਿ ਮੇਰਾ ਅਜਿਹਾ ਕੋਈ ਇਰਾਦਾ ਨਹੀਂ ਹੈ। ਇਸ ਤਰਕਪੂਰਨ ਸਿੱਟੇ ਤੋਂ ਮੇਰਾ ਮਤਲਬ ਇਹ ਹੈ ਕਿ ਜੇਕਰ ਸਾਡੇ ਦੋਵਾਂ ਲੋਕਾਂ ਵਿਚਕਾਰ ਸੱਚੀ ਦੋਸਤੀ ਹੋਣੀ ਹੈ, ਤਾਂ ਇੱਕ ਜਾਂ ਦੂਜੇ ਪੱਖ ਨੂੰ ਕੁਝ ਰਿਆਇਤਾਂ ਦੇਣੀਆਂ ਪੈਣਗੀਆਂ ਜਾਂ ਘੱਟੋ-ਘੱਟ ਦੋਸਤੀ ਦਾ ਹੱਥ ਵਧਾਉਣਾ ਪਵੇਗਾ। ਤਿੱਬਤ ਪੀੜਤ ਧਿਰ ਹੈ। ਅਸੀਂ ਤਿੱਬਤੀਆਂ ਨੇ ਸਭ ਕੁਝ ਗੁਆ ਦਿੱਤਾ ਹੈ। ਹੁਣ ਸਾਡੇ ਕੋਲ ਚੀਨੀਆਂ ਨੂੰ ਦੇਣ ਲਈ ਕੁਝ ਨਹੀਂ ਬਚਿਆ ਹੈ। ਇਸ ਲਈ ਇਹ ਤਰਕਪੂਰਨ ਹੈ ਕਿ ਬੰਦੂਕਧਾਰੀਆਂ (ਭਾਵੇਂ ਉਹ ਆਪਣੀਆਂ ਬੰਦੂਕਾਂ ਲੁਕਾਉਂਦੇ ਹਨ ਜਾਂ ਨਹੀਂ) ਨੂੰ ਆਪਸੀ ਵਿਸ਼ਵਾਸ ਦਾ ਮਾਹੌਲ ਬਣਾਉਣ ਲਈ ਇੱਕ ਖੇਤਰ ਵਿੱਚ ਵਾਪਸ ਬੁਲਾਇਆ ਜਾਣਾ ਚਾਹੀਦਾ ਹੈ। ਇਹ ਇੱਕ ਅਸਲ ਸ਼ਾਂਤੀ ਖੇਤਰ ਹੋਵੇਗਾ ਜਿੱਥੇ ਕਿਸੇ ਕੋਲ ਹਥਿਆਰ ਨਹੀਂ ਹਨ। ਇਸ ਨਾਲ ਚੀਨੀ ਅਰਥਵਿਵਸਥਾ ਨੂੰ ਵੀ ਕਾਫ਼ੀ ਹੁਲਾਰਾ ਮਿਲੇਗਾ। ਤਿੱਬਤ ਵਿੱਚ ਭਾਰੀ ਫੌਜੀ ਮੌਜੂਦਗੀ ਬਣਾਈ ਰੱਖਣ ਨਾਲ ਇਸ ਵਿਕਾਸਸ਼ੀਲ ਦੇਸ਼ ਦੇ ਸਰੋਤਾਂ ਦਾ ਇੱਕ ਵੱਡਾ ਹਿੱਸਾ ਖਤਮ ਹੋ ਜਾਂਦਾ ਹੈ।

ਮੇਰੀ ਪੰਜ-ਨੁਕਾਤੀ ਸ਼ਾਂਤੀ ਯੋਜਨਾ ਦਾ ਦੂਜਾ ਹਿੱਸਾ ਤਿੱਬਤ ਦੀ ਵਿਲੱਖਣ ਨਸਲੀ ਪਛਾਣ 'ਤੇ ਝੁੱਲ ਰਹੇ ਵੱਡੇ ਖ਼ਤਰੇ ਨਾਲ ਨਜਿੱਠਦਾ ਹੈ। ਯਾਨੀ ਕਿ, ਤਿੱਬਤ ਵਿੱਚ

ਚੀਨੀ ਆਬਾਦੀ ਦਾ ਨਿਪਟਾਰਾ। 1980 ਦੇ ਦਹਾਕੇ ਦੇ ਅੱਧ ਤੱਕ ਇਹ ਸਪੱਸ਼ਟ ਹੋ ਗਿਆ ਸੀ ਕਿ ਬੀਜਿੰਗ ਤਿੱਬਤ ਦੇ 'ਚੀਨੀਕਰਣ' ਦੀ ਨੀਤੀ ਨੂੰ ਜਾਣਬੁੱਝ ਕੇ ਲਾਗੂ ਕਰ ਰਿਹਾ ਸੀ, ਜਿਸਨੂੰ ਕੁਝ ਲੋਕਾਂ ਨੇ ਚੋਰੀ-ਛਿਪੇ 'ਆਖਿਰੀ ਹੱਲ' ਕਿਹਾ ਹੈ। ਤਿੱਬਤੀ ਲੋਕ ਆਪਣੇ ਹੀ ਦੇਸ਼ ਵਿੱਚ ਵਾਧੂ ਜਿਹੇ ਤੇ ਇੱਕ ਮਾਮੂਲੀ ਘੱਟ ਗਿਣਤੀ ਬਣ ਗਏ ਹਨ। ਇਸਨੂੰ ਰੋਕਿਆ ਜਾਣਾ ਚਾਹੀਦਾ ਹੈ। ਇੰਨੀ ਵੱਡੀ ਗਿਣਤੀ ਵਿੱਚ ਚੀਨੀ ਲੋਕਾਂ ਦਾ ਤਿੱਬਤ ਵਿੱਚ ਤਬਾਦਲਾ ਚੌਥੇ ਜੇਨੇਵਾ ਕਨਵੈਨਸ਼ਨ ਦੀ ਘੋਰ ਉਲੰਘਣਾ ਹੈ। ਨਤੀਜੇ ਵਜੋਂ, ਸਾਡੇ ਦੇਸ਼ ਦੇ ਪੂਰਬੀ ਹਿੱਸਿਆਂ ਵਿੱਚ ਚੀਨੀ ਲੋਕਾਂ ਦੀ ਗਿਣਤੀ ਤਿੱਬਤੀਆਂ ਤੋਂ ਵੱਧ ਹੋ ਗਈ ਹੈ।

222 ਅਜ਼ਾਦ ਸ਼ਰਨਾਰਥੀ

ਉਦਾਹਰਣ ਵਜੋਂ, ਕਿੰਗਹਾਈ ਪ੍ਰਾਂਤ, ਜੋ ਕਿ ਅਮਡੋ ਤੋਂ ਬਣਿਆ ਹੈ, ਜਿੱਥੇ ਮੇਰਾ ਜਨਮ ਹੋਇਆ ਸੀ, ਵਿੱਚ ਹੁਣ ਚੀਨੀ ਅੰਕੜਿਆਂ ਅਨੁਸਾਰ 25 ਲੱਖ ਚੀਨੀ ਅਤੇ ਸਿਰਫ਼ 750,000 ਤਿੱਬਤੀ ਹਨ। ਸਾਡੀ ਜਾਣਕਾਰੀ ਅਨੁਸਾਰ, ਅਖੌਤੀ 'ਤਿੱਬਤ ਆਟੋਨੋਮਸ ਖੇਤਰ' (ਜਿਸ ਵਿੱਚ ਸਿਰਫ਼ ਮੱਧ ਅਤੇ ਪੱਛਮੀ ਤਿੱਬਤ ਸ਼ਾਮਲ ਹੈ) ਵਿੱਚ ਵੀ, ਚੀਨੀ ਲੋਕਾਂ ਦੀ ਗਿਣਤੀ ਤਿੱਬਤੀਆਂ ਤੋਂ ਵੱਧ ਹੋ ਗਈ ਹੈ।

ਆਬਾਦੀ ਤਬਾਦਲਾ ਨੀਤੀ ਨਵੀਂ ਨਹੀਂ ਹੈ। ਚੀਨ ਨੇ ਇਸਨੂੰ ਹੋਰ ਖੇਤਰਾਂ ਵਿੱਚ ਵੀ ਯੋਜਨਾਬੱਧ ਢੰਗ ਨਾਲ ਲਾਗੂ ਕੀਤਾ ਹੈ। ਬਹੁਤ ਸਮਾਂ ਪਹਿਲਾਂ ਮੰਚੂ ਆਪਣੀ ਸੱਭਿਆਚਾਰ ਅਤੇ ਰੀਤੀ-ਰਿਵਾਜਾਂ ਵਾਲੀ ਇੱਕ ਵੱਖਰੀ ਨਸਲ ਸੀ। ਅੱਜ ਮੰਚੂਰੀਆ ਵਿੱਚ ਸਿਰਫ਼ 20 ਜਾਂ 30 ਲੱਖ ਮੰਚੂਰੀਅਨ ਬਚੇ ਹਨ, ਅਤੇ 7.5 ਕਰੋੜ ਚੀਨੀ ਉੱਥੇ ਵਸ ਗਏ ਹਨ। ਪੂਰਬੀ ਤੁਰਕਿਸਤਾਨ ਵਿੱਚ, ਜਿਸਨੂੰ ਚੀਨੀ ਹੁਣ ਜ਼ੀਜ਼ਾਂਗ (ਸਿੰਕਿਆਂਗ) ਕਹਿੰਦੇ ਹਨ, 1949 ਵਿੱਚ ਚੀਨ ਦੀ ਆਬਾਦੀ 2 ਲੱਖ ਸੀ। ਇਹ ਹੁਣ ਲਗਭਗ 70 ਲੱਖ ਹੋ ਗਈ ਹੈ, ਜੋ ਕਿ ਤਿੱਬਤੀ ਆਬਾਦੀ ਦੇ ਅੱਧੇ ਤੋਂ ਵੱਧ ਹੈ। ਅੰਦਰੂਨੀ ਮੰਗੋਲੀਆ ਦੇ ਚੀਨੀ ਬਸਤੀਵਾਦ ਦੇ ਅਧੀਨ, ਚੀਨੀ ਲੋਕਾਂ ਦੀ ਗਿਣਤੀ 85 ਲੱਖ ਹੋ ਗਈ ਹੈ ਜਦੋਂ ਕਿ ਮੰਗੋਲੀਆਈ ਲੋਕਾਂ ਦੀ ਗਿਣਤੀ ਸਿਰਫ 25 ਲੱਖ ਸੀ। ਸਾਡਾ ਅੰਦਾਜ਼ਾ ਹੈ ਕਿ ਅੱਜ ਸਾਰੇ ਤਿੱਬਤ ਵਿੱਚ ਲਗਭਗ 75 ਲੱਖ ਚੀਨੀ ਹੋਣਗੇ, ਜੋ ਕਿ ਕੁੱਲ ਤਿੱਬਤੀ ਆਬਾਦੀ (ਲਗਭਗ 60 ਲੱਖ) ਤੋਂ ਵੱਧ ਹਨ।

ਤਿੱਬਤੀ ਲੋਕਾਂ ਦੀ ਹੋਂਦ ਨੂੰ ਸੁਰੱਖਿਅਤ ਰੱਖਣ ਲਈ ਆਬਾਦੀ ਦੇ ਪ੍ਰਵਾਸ ਨੂੰ ਰੋਕਣਾ ਅਤੇ ਵਸੇ ਹੋਏ ਚੀਨੀ ਲੋਕਾਂ ਨੂੰ ਚੀਨ ਵਾਪਸ ਜਾਣ ਦੀ ਆਗਿਆ ਦੇਣਾ ਜ਼ਰੂਰੀ ਹੈ। ਨਹੀਂ ਤਾਂ ਤਿੱਬਤੀ ਜਲਦੀ ਹੀ ਇੱਕ ਸੈਲਾਨੀ ਆਕਰਸ਼ਣ ਅਤੇ ਇੱਕ ਕੁਲੀਨ ਅਤੀਤ ਦੇ ਅਵਸ਼ੇਸ਼ ਤੋਂ ਵੱਧ ਕੁਝ ਨਹੀਂ ਹੋਣਗੇ। ਅਜਿਹਾ ਲਗਦਾ ਹੈ ਕਿ ਇਹ ਪੈਸੇ ਦਾ ਲਾਲਚ ਹੈ ਜੋ ਚੀਨੀ ਲੋਕਾਂ ਨੂੰ ਉੱਥੇ ਰਹਿਣ ਲਈ ਮਜਬੂਰ ਕਰਦਾ ਹੈ, ਕਿਉਂਕਿ ਹਾਲਾਤ ਬਹੁਤ ਮੁਸ਼ਕਲ ਹਨ (ਮੈਂ ਸੁਣਿਆ ਹੈ ਕਿ ਚੀਨੀ ਆਬਾਦੀ ਵਿੱਚ ਉੱਚੇ ਇਲਾਕੇ ਵਾਲੀ ਬਿਮਾਰੀ ਫੈਲ ਗਈ ਹੈ।)

ਮੇਰੇ ਪ੍ਰਸਤਾਵ ਦਾ ਤੀਜਾ ਹਿੱਸਾ ਤਿੱਬਤ ਵਿੱਚ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਹੈ। ਇਨ੍ਹਾਂ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ। ਤਿੱਬਤੀਆਂ ਨੂੰ ਸੱਭਿਆਚਾਰਕ, ਬੌਧਿਕ, ਆਰਥਿਕ ਅਤੇ ਅਧਿਆਤਮਿਕ ਤੌਰ 'ਤੇ ਵਿਕਾਸ ਕਰਨ ਅਤੇ ਬੁਨਿਆਦੀ ਲੋਕਤੰਤਰੀ ਆਜ਼ਾਦੀਆਂ ਪ੍ਰਾਪਤ ਕਰਨ ਦੀ ਆਜ਼ਾਦੀ ਦਿੱਤੀ ਜਾਣੀ ਚਾਹੀਦੀ ਹੈ। ਤਿੱਬਤ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੁਨੀਆ ਵਿੱਚ ਸਭ ਤੋਂ ਗੰਭੀਰ ਹੈ। ਇਸਦੀ ਪੁਸ਼ਟੀ ਐਮਨੈਸਟੀ ਇੰਟਰਨੈਸ਼ਨਲ ਅਤੇ ਹੋਰ ਅਜਿਹੀਆਂ ਸੰਸਥਾਵਾਂ ਦੁਆਰਾ ਕੀਤੀ ਗਈ ਹੈ। ਤਿੱਬਤ ਨਾਲ ਨਸਲੀ ਵਿਤਕਰਾ ਇੱਕ ਰੰਗ ਭੇਦ ਦੀ ਨੀਤੀ ਦੇ ਤਹਿਤ ਕੀਤਾ ਜਾ ਰਿਹਾ ਹੈ ਜਿਸਨੂੰ ਚੀਨੀ "ਅਲੱਗ ਕਰੋ ਅਤੇ ਹਜ਼ਮ ਕਰੋ" ਕਹਿੰਦੇ ਹਨ। ਉਨ੍ਹਾਂ ਦੇ ਬੁਨਿਆਦੀ ਲੋਕਤੰਤਰੀ ਅਧਿਕਾਰਾਂ ਅਤੇ ਆਜ਼ਾਦੀਆਂ ਤੋਂ ਵਾਂਝੇ, ਤਿੱਬਤੀ ਲੋਕ ਬਸਤੀਵਾਦੀ ਪ੍ਰਸ਼ਾਸਨ ਦੇ ਅਧੀਨ ਰਹਿੰਦੇ ਹਨ ਜਿਸ ਵਿੱਚ ਅਸਲ ਸ਼ਕਤੀ ਸਿਰਫ ਕਮਿਊਨਿਸਟ ਪਾਰਟੀ ਅਤੇ ਚੀਨੀ ਫੌਜੀ ਕਰਮਚਾਰੀਆਂ ਕੋਲ ਹੈ। ਹਾਲਾਂਕਿ ਚੀਨੀ ਸਰਕਾਰ ਤਿੱਬਤੀਆਂ ਨੂੰ ਕੁਝ ਬੋਧੀ ਮੱਠਾਂ ਵਿੱਚ ਨਿਰਮਾਣ ਅਤੇ ਪੂਜਾ ਕਰਨ ਦੀ ਆਗਿਆ ਦਿੰਦੀ ਹੈ, ਇਸਨੇ ਸਾਰੇ ਗੰਭੀਰ ਧਾਰਮਿਕ ਅਧਿਐਨ ਅਤੇ ਸਿੱਖਿਆ 'ਤੇ ਪਾਬੰਦੀ ਲਗਾ ਦਿੱਤੀ ਹੈ। ਇਸ ਤਰ੍ਹਾਂ, ਜਦੋਂ ਕਿ ਜਲਾਵਤਨੀ ਵਿੱਚ ਤਿੱਬਤੀ 1963 ਵਿੱਚ ਮੇਰੇ ਦੁਆਰਾ ਲਾਗੂ ਕੀਤੇ ਗਏ ਸੰਵਿਧਾਨ ਦੇ ਤਹਿਤ ਆਪਣੇ ਲੋਕਤੰਤਰੀ ਅਧਿਕਾਰਾਂ ਦਾ ਆਨੰਦ ਮਾਣਦੇ ਹਨ, ਤਿੱਬਤ ਦੇ ਅੰਦਰ ਮੇਰੇ ਲੱਖਾਂ ਦੇਸ਼ ਵਾਸੀ ਆਪਣੇ ਧਾਰਮਿਕ ਵਿਸ਼ਵਾਸਾਂ ਲਈ ਜੇਲ੍ਹਾਂ ਅਤੇ ਮਜ਼ਦੂਰ ਕੈਂਪਾਂ ਵਿੱਚ ਦੁੱਖ ਝੱਲਦੇ ਹਨ। ਤਿੱਬਤ ਵਿੱਚ, ਇੱਕ ਤਿੱਬਤੀ ਜੋ ਚੀਨ ਪ੍ਰਤੀ ਵਫ਼ਾਦਾਰੀ ਦਿਖਾਉਂਦਾ ਹੈ ਉਸਨੂੰ 'ਪ੍ਰਗਤੀਸ਼ੀਲ' ਕਿਹਾ ਜਾਂਦਾ ਹੈ, ਜਦੋਂ ਕਿ ਜੋ ਆਪਣੇ ਦੇਸ਼

ਪ੍ਰਤੀ ਵਫ਼ਾਦਾਰੀ ਦਿਖਾਉਂਦੇ ਹਨ ਉਹਨਾਂ ਨੂੰ 'ਅਪਰਾਧੀ' ਕਿਹਾ ਜਾਂਦਾ ਹੈ ਅਤੇ ਕੈਦ ਕੀਤਾ ਜਾਂਦਾ ਹੈ।

ਸ਼ਾਂਤੀ ਲਈ ਕੋਸ਼ਿਸ਼ 223

ਮੇਰਾ ਚੌਥਾ ਪ੍ਰਸਤਾਵ ਮੰਗ ਕਰਦਾ ਹੈ ਕਿ ਤਿੱਬਤ ਦੇ ਕੁਦਰਤੀ ਵਾਤਾਵਰਣ ਨੂੰ ਬਹਾਲ ਕਰਨ ਲਈ ਕਦਮ ਚੁੱਕੇ ਜਾਣ।

ਤਿੱਬਤ ਨੂੰ ਪਰਮਾਣੂ ਹਥਿਆਰਾਂ ਦੇ ਉਤਪਾਦਨ ਜਾਂ ਪਰਮਾਣੂ ਰਹਿੰਦ-ਖੂੰਹਦ ਦੇ ਨਿਪਟਾਰੇ ਲਈ ਨਹੀਂ ਵਰਤਿਆ ਜਾਣਾ ਚਾਹੀਦਾ। ਤਿੱਬਤੀ ਸਾਰੇ ਜੀਵਾਂ ਦਾ ਸਤਿਕਾਰ ਕਰਦੇ ਹਨ। ਇਹ ਸੁਭਾਵਿਕ ਭਾਵਨਾ ਸਾਡੇ ਬੋਧੀ ਵਿਸ਼ਵਾਸ ਦੁਆਰਾ ਵਧਾਈ ਜਾਂਦੀ ਹੈ ਜੋ ਸਾਰੇ ਜੀਵਾਂ ਨੂੰ ਨੁਕਸਾਨ ਪਹੁੰਚਾਉਣ ਤੋਂ ਵਰਜਦੀ ਹੈ, ਭਾਵੇਂ ਉਹ ਮਨੁੱਖ ਹੋਵੇ ਜਾਂ ਜਾਨਵਰ। ਚੀਨੀ ਹਮਲੇ ਤੋਂ ਪਹਿਲਾਂ, ਤਿੱਬਤ ਇੱਕ ਵਿਲੱਖਣ ਕੁਦਰਤੀ ਵਾਤਾਵਰਣ ਵਿੱਚ ਇੱਕ ਜੀਵੰਤ, ਸੁੰਦਰ ਉਜਾੜ ਤੇ ਮੁਕਤ ਜੰਗਲ ਵਾਂਗੂੰ ਸੀ।

ਦੁੱਖ ਦੀ ਗੱਲ ਹੈ ਕਿ ਪਿਛਲੇ ਕੁਝ ਦਹਾਕਿਆਂ ਵਿੱਚ ਤਿੱਬਤ ਲਗਭਗ ਪੂਰੀ ਤਰ੍ਹਾਂ ਤਬਾਹ ਹੋ ਗਿਆ ਹੈ ਅਤੇ ਕਈ ਥਾਵਾਂ 'ਤੇ ਇਸਦੇ ਜੰਗਲ ਨਾ-ਮੁੜਨਯੋਗ ਤੌਰ 'ਤੇ ਖਤਮ ਹੋ ਗਏ ਹਨ। ਇਸਦਾ ਤਿੱਬਤ ਦੇ ਨਾਜ਼ੁਕ ਵਾਤਾਵਰਣ 'ਤੇ ਵਿਨਾਸ਼ਕਾਰੀ ਪ੍ਰਭਾਵ ਪਿਆ ਹੈ, ਖਾਸ ਕਰਕੇ ਕਿਉਂਕਿ ਦੇਸ਼ ਉੱਚੀ ਉਚਾਈ 'ਤੇ ਹੈ ਅਤੇ ਖੁਸ਼ਕ ਹੈ। ਇੱਥੇ ਬਨਸਪਤੀ ਦੀ ਬਹਾਲੀ ਵਿੱਚ ਨੀਵੇਂ, ਗਿੱਲੇ ਖੇਤਰਾਂ ਨਾਲੋਂ ਜ਼ਿਆਦਾ ਸਮਾਂ ਲੱਗੇਗਾ। ਇਸ ਲਈ ਜੋ ਥੋੜ੍ਹਾ ਜਿਹਾ ਬਚਿਆ ਹੈ ਉਸਨੂੰ ਬਚਾਇਆ ਜਾਣਾ ਚਾਹੀਦਾ ਹੈ ਅਤੇ ਤਿੱਬਤੀ ਵਾਤਾਵਰਣ ਨੂੰ ਤਬਾਹ ਕਰਨ ਦੀਆਂ ਚੀਨ ਦੀਆਂ ਅਧਰਮੀ ਅਤੇ ਮਰਿਆਦਾਹੀਨ ਕੋਸ਼ਿਸ਼ਾਂ ਨੂੰ ਰੋਕਿਆ ਜਾਣਾ ਚਾਹੀਦਾ ਹੈ।

ਅਜਿਹਾ ਕਰਨ ਲਈ, ਪਹਿਲੀ ਤਰਜੀਹ ਪ੍ਰਮਾਣੂ ਹਥਿਆਰਾਂ ਦੇ ਉਤਪਾਦਨ ਅਤੇ ਪਰਮਾਣੂ ਰਹਿੰਦ-ਖੂੰਹਦ ਦੇ ਨਿਪਟਾਰੇ ਨੂੰ ਰੋਕਣਾ ਚਾਹੀਦਾ ਹੈ। ਚੀਨ ਸਪੱਸ਼ਟ ਤੌਰ 'ਤੇ

ਨਾ ਸਿਰਫ਼ ਆਪਣਾ ਕੂੜਾ ਸੁੱਟਣ ਦੀ ਯੋਜਨਾ ਬਣਾ ਰਿਹਾ ਹੈ, ਸਗੋਂ ਪੈਸੇ ਦੇ ਬਦਲੇ ਦੂਜੇ ਦੇਸ਼ਾਂ ਦਾ ਕੂੜਾ ਵੀ ਆਯਾਤ ਕਰਨ ਦੀ ਯੋਜਨਾ ਬਣਾ ਰਿਹਾ ਹੈ। ਖ਼ਤਰਾ ਸਪੱਸ਼ਟ ਹੈ, ਨਾ ਸਿਰਫ਼ ਮੌਜੂਦਾ ਪੀੜ੍ਹੀਆਂ ਲਈ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ। ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਸਥਾਨਕ ਸਮੱਸਿਆ ਪੂਰੀ ਦੁਨੀਆ ਨੂੰ ਆਸਾਨੀ ਨਾਲ ਪਰੇਸ਼ਾਨੀ ਵਿੱਚ ਪਾਵੇਗੀ । ਇਸ ਤੋਂ ਛੁਟਕਾਰਾ ਪਾਉਣ ਲਈ ਕੂੜਾ ਚੀਨ ਨੂੰ ਸੌਂਪਣ ਨਾਲ ਵੀ ਸਮੱਸਿਆ ਦਾ ਸਥਾਈ ਹੱਲ ਨਹੀਂ ਨਿੱਕਲੇਗਾ।

ਤਿੱਬਤ ਦੇ ਭਵਿੱਖ ਦੀ ਸਥਿਤੀ 'ਤੇ ਗੱਲਬਾਤ ਦੇ ਸੰਦਰਭ ਵਿੱਚ, ਮੈਂ ਇਸ ਵਿਸ਼ੇ ਨੂੰ ਖੁੱਲ੍ਹੇ ਅਤੇ ਦੋਸਤਾਨਾ ਢੰਗ ਨਾਲ ਵਿਚਾਰਨ ਦੀ ਇੱਛਾ ਪ੍ਰਗਟ ਕੀਤੀ, ਤਾਂ ਜੋ ਇੱਕ ਅਜਿਹਾ ਹੱਲ ਲੱਭਿਆ ਜਾ ਸਕੇ ਜੋ ਹਰ ਕਿਸੇ ਦੇ ਲੰਬੇ ਸਮੇਂ ਦੇ ਹਿੱਤ ਵਿੱਚ ਹੋਵੇ: ਤਿੱਬਤੀ, ਚੀਨੀ ਅਤੇ ਅੰਤ ਵਿੱਚ ਸਾਰੀ ਦੁਨੀਆ ਦੇ । ਇਸ ਸਭ ਵਿੱਚ ਮੇਰਾ ਉਦੇਸ਼ ਖੇਤਰੀ ਸ਼ਾਂਤੀ ਰਾਹੀਂ ਵਿਸ਼ਵ ਸ਼ਾਂਤੀ ਵਿੱਚ ਯੋਗਦਾਨ ਪਾਉਣਾ ਹੈ। ਮੈਂ ਸਿਰਫ਼ ਚੀਨੀਆਂ ਦੀ ਆਲੋਚਨਾ ਕਰਨ ਲਈ ਕੁਝ ਨਹੀਂ ਕਿਹਾ ਹੈ। ਇਸ ਦੇ ਉਲਟ, ਮੈਂ ਚੀਨੀਆਂ ਦੀ ਹਰ ਸੰਭਵ ਤਰੀਕੇ ਨਾਲ ਮਦਦ ਕਰਨਾ ਚਾਹੁੰਦਾ ਹਾਂ। ਮੈਨੂੰ ਉਮੀਦ ਸੀ ਕਿ ਮੇਰੇ ਸੁਝਾਅ ਉਨ੍ਹਾਂ ਲਈ ਲਾਭਦਾਇਕ ਹੋਣਗੇ। ਬਦਕਿਸਮਤੀ ਨਾਲ, ਉਨ੍ਹਾਂ ਨੇ ਇਸਦੀ ਵਿਆਖਿਆ ਵੱਖਵਾਦ ਵੱਲ ਮੇਰੇ ਵੱਲੋਂ ਇੱਕ ਕਦਮ ਵਜੋਂ ਕੀਤੀ (ਹਾਲਾਂਕਿ ਮੈਂ ਤਿੱਬਤ ਦੇ ਭਵਿੱਖ 'ਤੇ ਪ੍ਰਭੂਸੱਤਾ ਦਾ ਕੋਈ ਜ਼ਿਕਰ ਨਹੀਂ ਕੀਤਾ), ਅਤੇ ਬੀਜਿੰਗ ਨੇ ਮੇਰੇ ਬਿਆਨ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ।

ਇਸ ਨਾਲ ਮੈਨੂੰ ਬਹੁਤਾ ਹੈਰਾਨੀ ਨਹੀਂ ਹੋਈ। ਨਾ ਹੀ ਮੈਂ ਤਿੱਬਤੀ ਲੋਕਾਂ ਦੀ ਪ੍ਰਤੀਕਿਰਿਆ ਤੋਂ ਖਾਸ ਤੌਰ 'ਤੇ ਹੈਰਾਨ ਸੀ। ਹਾਲਾਂਕਿ, ਮੈਨੂੰ ਅਜਿਹੀ ਪ੍ਰਤੀਕਿਰਿਆ ਦੀ ਉਮੀਦ ਨਹੀਂ ਸੀ। ਮੇਰੇ ਵਾਸ਼ਿੰਗਟਨ ਵਿੱਚ ਦਿੱਤੇ ਬਿਆਨ ਤੋਂ ਕੁਝ ਦਿਨ ਬਾਅਦ, ਲਹਾਸਾ ਵਿੱਚ ਵੱਡੇ ਪੱਧਰ 'ਤੇ ਪ੍ਰਦਰਸ਼ਨਾਂ ਦੀਆਂ ਰਿਪੋਰਟਾਂ ਆਈਆਂ।

****

sjeet